

ਜੋਬਨ ਯਾਦਾਂ
ਅਮਰਜੀਤ ਸਿੰਘ ਸੰਧੂ

# ਜੋਬਨ ਯਾਦਾਂ

(ਕਾਵਿ ਸੰਗ੍ਰਹਿ)

## ਇਸੇ ਕਲਮ ਤੋਂ–

| | | |
|---|---|---|
| ਜਿੰਦੂ–ਲਾਟ | (ਕਾਵਿ ਸੰਗ੍ਰਿਹ) | 1971 |
| ਸੰਧੂ ਦੀ ਗ਼ਜ਼ਲ | (ਗ਼ਜ਼ਲ ਸੰਗ੍ਰਿਹ) | 1995 |
| ਜਜ਼ਬਾਤ ਦੇ ਪੰਛੀ | (ਗ਼ਜ਼ਲ ਸੰਗ੍ਰਿਹ) | 2004 |
| ਆਉ ਗ਼ਜ਼ਲ ਲਿਖੀਏ | (ਲੇਖ ਲੜੀ) | |

## ਸੰਪਾਦਤ ਪੁਸਤਕਾਂ–

| | | |
|---|---|---|
| ਸਰਘੀ ਦੇ ਪਾਂਧੀ | (ਕਾਵਿ ਸੰਗ੍ਰਿਹ) | 1970 |
| ਮਹਿਕਾਂ | (ਕਾਵਿ ਸੰਗ੍ਰਿਹ) | 1977 |
| ਕਲਮਾਂ ਦਾ ਕਾਫ਼ਿਲਾ | (ਕਾਵਿ ਸੰਗ੍ਰਿਹ) | 1995 |
| ਦੀਪਕ ਗ਼ਜ਼ਲ ਸਕੂਲ | (ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਦੇ ਸਾਹਿਤਕ–ਪਰਿਵਾਰ ਦਾ ਇਤਿਹਾਸ ਅਤੇ ਰਚਨਾ) | 2000 |

# ਜੋਬਨ ਯਾਦਾਂ

*(ਕਾਵਿ-ਸੰਗ੍ਰਹਿ)*

ਅਮਰਜੀਤ ਸਿੰਘ ਸੰਧੂ

ਕੁਕਨੂਸ ਪ੍ਰਕਾਸ਼ਨ
ਜਲੰਧਰ

**JOBAN YAADAN (Poetery)**
By
Amarjit Singh Sandhu
421-Dakoha (Jalandhar)-144023
Phone: 0181-6521106:

@ : ਕਵੀ
ਪਹਿਲੀ ਵਾਰ : 2007
ਸਰਵਰਕ : ਸੁਖਵੰਤ ਸਿੰਘ
ਪ੍ਰਕਾਸ਼ਕ : ਰਾਜਿੰਦਰ ਬਿਮਲ
ਕੁਕਨੁਸ ਪ੍ਰਕਾਸ਼ਨ, ਐੱਨ. ਐੱਮ. 451, ਮਹੱਲਾ ਕਰਾਰ ਖਾਂ
ਨੇੜੇ ਚੌਕ ਬੋਹੜਵਾਲਾ, ਜਲੰਧਰ। ਫੋਨ 2214028
98140-55411 (ਮੋਬਾਇਲ)
ਪੁਸਤਕ ਵਿੱਕਰੀ ਸਥਾਨ : ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ, ਜਲੰਧਰ
ਫੋਨ 2220290, 2230466
ਛਾਪਕ : ਆਰ. ਕੇ. ਪ੍ਰਿੰਟਰਜ਼, ਜਲੰਧਰ
ਟਾਈਪ ਸੈਟਰਜ਼ : ਹਾਈਟੈੱਕ ਕੰਪਿਊਟਰਜ਼, ਦਕੋਹਾ (ਜਲੰਧਰ)
ਮੁੱਲ : 85 ਰੁਪਏ (ਸਜਿਲਦ)
50 ਰੁਪਏ (ਪੇਪਰ ਬੈਕ)

## ਸਮਰਪਨ

ਅੱਜ ਸੋਹਣੇ ਸਜਣਾਂ ਵੇ
ਦਿਲ ਵਿਚ ਸੁੱਤੇ-ਸੁੱਤੇ
ਬਰਖਾ ਦੀ ਇਸ ਰੁੱਤੇ
ਫ਼ਰਿਆਦਾਂ ਆਈਆਂ ਨੇ।
ਸੁੱਕੇ ਹੋਏ ਜ਼ਖ਼ਮਾਂ ਦੇ
ਫਿਰ ਪੱਤੇ ਉੱਗਰ ਪਏ
ਫਿਰ ਛਾਲੇ ਪੁੰਗਰ ਪਏ
ਫਿਰ ਯਾਦਾਂ ਆਈਆਂ ਨੇ।

ਸਦਾ ਯਾਦਾਂ ਵਿੱਚ ਵੱਸਣ ਵਾਲੇ ਸੱਜਣਾਂ ਦੇ ਨਾਮ ਅਤੇ ਉਹਨਾਂ ਦੇ ਨਾਮ ਜਿਨ੍ਹਾਂ ਨੇ ਇਹ ਕਵਿਤਾਵਾਂ ਲਿਖਵਾ ਲਈਆਂ। ਨਾਲ ਹੀ ਸ਼ਾਇਰਾਂ ਦੀ ਅਗਲੀ ਪੀੜ੍ਹੀ ਦੇ ਨਾਮ, ਜਿਨ੍ਹਾਂ ਵਾਸਤੇ ਵਿਸ਼ੇਸ਼ ਕਰਕੇ ਇਹ ਪੁਸਤਕ ਛਾਪੀ ਜਾ ਰਹੀ ਹੈ।

ਅਮਰਜੀਤ ਸਿੰਘ ਸੰਧੂ
421-ਦਕੋਹਾ (ਜਲੰਧਰ)
ਫੋਨ: 0181-6521106

20, ਸਾਵਣ
ਸੰਮਤ 2063

ਕਿਸੇ ਦੀ ਯਾਦ ਇਉਂ ਸੋਚਾਂ ਨੂੰ ਮੋਢ੍ਹੇ ਮਾਰਦੀ ਲੰਘੀ॥
ਕਿ ਸੁੱਤੇ ਜਜ਼ਬਿਆਂ ਨੂੰ ਟੁੰਬਦੀ, ਵੰਗਾਰਦੀ ਲੰਘੀ॥
ਬੇਸਬਰੀ, ਸਬਰ ਮੇਰੇ ਨੂੰ ਇਵੇਂ ਲਲਕਾਰਦੀ ਲੰਘੀ॥
ਕਿ ਨਾਜ਼ੁਕ ਦਿਲ ਦੇ ਵਿੱਚੋਂ ਧਾਰ ਜਿਉਂ ਤਲਵਾਰ ਦੀ ਲੰਘੀ॥

## ਤਰਤੀਬ


| | | |
|---|---|---|
| ▲ | ਕਵਿਤਾ ਫਿਰ ਸੁਰਜੀਤ ਕਰੀਏ | 7 |
| 1. | ਤਸਵੀਰ | 11 |
| 2. | ਸ਼ਮ੍ਹਾਂ | 15 |
| 3. | ਭੁੱਲ ਸਕਾਂ ਨਾ ਕਦੀ ਖ਼ਿਆਲ ਤੇਰਾ | 17 |
| 4. | ਆਸ਼ਿਕ | 19 |
| 5. | ਉਸ ਰੁੱਤੇ, ਉਸ ਮੌਸਮ | 22 |
| 6. | ਸਵਾਗਤ | 25 |
| 7. | ਫੋਟੋ | 27 |
| 8. | ਸਾਉਣ ਘਟਾਵਾਂ ਕਾਲੀਆਂ | 29 |
| 9. | ਰੱਖੜੀਆਂ | 33 |
| 10 | ਪਲਕ-ਝਲਕ ਦਾ ਮੇਲਾ | 35 |
| 11 | ਚਿੱਠੀ | 38 |
| 12. | ਯਾਦਾਂ | 39 |
| 13. | ਸ਼ਿਵ ਬਟਾਲਵੀ ਨੂੰ | 43 |
| 14. | ਬਸੰਤ | 45 |
| 15. | ਮੁਆਫ਼ ਕਰ ਦੇਣਾ | 47 |
| 16. | ਜਾਤ ਤੇ ਜਮਾਤ | 49 |
| 17. | ਜੁਰਮਾਨਾ-ਹਰਜਾਨਾ | 52 |
| 18. | ਹਰ ਹੀਲੇ ਨ੍ਹਾਉ | 54 |
| 19. | ਬੰਤਾ ਸਿੰਘ ਰਿਟਾਇਰ ਹੋ ਗਿਆ | 55 |
| 20. | ਪੁੱਤ ਜੰਮਦੇ ਹੋਣ ਜਵਾਨ ਮੀਆਂ | 59 |
| 21. | ਤੂੰ ਆਵੇਂ ਨਾ ਆਵੇਂ | 60 |
| 22. | ਤਵੀ ਤੇ ਕਵੀ | 61 |
| 23. | ਓਸ ਦੀ ਨਜ਼ਰ ਪਰਵਾਨ ਹੋਵੇ | 65 |
| 24. | ਸਾਧੂ ਚੱਲਦੇ ਭਲੇ | 68 |
| 25. | ਬਾਬੇ ਮੱਕਾ ਫੇਰਿਆ | 72 |
| 26. | ਬਣੀ ਰਹੂ ਮਿਸਾਲ ਜਹਾਨ ਅੰਦਰ | 76 |
| 27. | ਜੰਮੇਂ ਸਿੰਘ ਸੰਘਰਸ਼ 'ਚੋਂ | 78 |
| 28. | ਕੁਝ ਚੁਮਿਸਰੇ | 81 |
| 29. | ਕੁਝ ਚਾਰ-ਕਲੀਏ, ਛੇ-ਕਲੀਏ ਬੈਂਤ | 84 |


-0-

# ਕਵਿਤਾ ਫਿਰ ਸੁਰਜੀਤ ਕਰੀਏ !

**ਕਵਿਤਾ ਇਨਸਾਨ ਦੀ ਰੂਹ ਦੀ ਆਵਾਜ਼ ਹੈ-**

ਆਦਿ-ਕਾਲ ਤੋਂ ਇਨਸਾਨ ਦੇ ਦਿਲ-ਦਿਮਾਗ਼ ਰਾਹੀਂ ਜੋ ਮਹਿਸੂਸ ਕੀਤਾ ਗਿਆ, ਜੋ ਸੋਚਿਆ ਗਿਆ, ਉਹ ਆਮ ਬੋਲ-ਚਾਲ 'ਚ ਚਾਹੇ ਵਾਰਤਕ ਰੂਪ ਵਿੱਚ ਹੀ ਪਰਗਟ ਹੋਇਆ ਪਰ ਜਦੋਂ ਵਾਰੀ ਲਿਖਣ ਦੀ ਆਈ ਤਾਂ ਲਿਖਿਆ ਕਵਿਤਾ ਵਿੱਚ ਹੀ ਗਿਆ। ਕਵਿਤਾ ਇਨਸਾਨ ਦੀ ਰੂਹ ਦੀ ਆਵਾਜ਼ ਹੈ, ਇਸੇ ਕਾਰਨ ਸਾਰਾ ਪੁਰਾਤਨ ਸਾਹਿਤ ਕਵਿਤਾ ਵਿੱਚ ਹੀ ਮਿਲਦਾ ਹੈ।

**ਲੈਅ ਕਵਿਤਾ ਦੀ ਜਾਨ ਹੈ-**

ਕਵਿਤਾ ਕੀ ਹੈ? ਕਿਸੇ ਵਿਸ਼ੇਸ਼ ਲੈਅ ਵਿੱਚ ਕਹੇ ਗਏ ਵਾਕ ਜਾਂ ਵਾਕ-ਅੰਸ਼ ਕਵਿਤਾ ਹੈ। ਲੈਅ-ਵਿਹੂਣੇ ਲਫ਼ਜ਼ਾਂ ਨੂੰ ਕਵਿਤਾ ਕਹਿਣਾ ਉਸੇ ਤਰ੍ਹਾਂ ਹੀ ਗ਼ੈਰ-ਵਾਜਬ ਹੈ ਜਿਵੇਂ ਕਿਸੇ ਲਾਸ਼ ਨੂੰ ਇਨਸਾਨ ਕਹਿਣਾ। ਲੈਅ ਕਵਿਤਾ ਦੀ ਜਾਨ ਹੈ। ਲੈਅ ਹੈ ਤਾਂ ਰਚਨਾ 'ਕਵਿਤਾ' ਹੈ, ਨਹੀਂ ਤਾਂ ਵਾਰਤਕ ਹੈ। ਅਫ਼ਸੋਸ ਕਿ ਅੱਜ-ਕੱਲ੍ਹ ਦੇ ਖੁੱਲ੍ਹੀ ਕਵਿਤਾ ਦੇ ਰਚੇਤਾਵਾਂ ਦੀਆਂ ਲਿਖਤਾਂ ਤਾਂ ਵਾਰਤਕ ਦੀਆਂ ਸ਼ਰਤਾਂ ਵੀ ਪੂਰੀਆਂ ਨਹੀਂ ਕਰਦੀਆਂ। ਅਸਲ ਵਿੱਚ ਇਹ ਲੋਕ ਅੰਗਰੇਜ਼ੀ ਸਾਹਿਤ ਦੇ ਬੜੇ ਪ੍ਰਸ਼ੰਸਕ ਹਨ। ਗ਼ੁਲਾਮੀ ਇਹਨਾਂ ਦੀਆਂ ਰਗਾਂ ਵਿੱਚ ਸਮਾਈ ਹੋਈ ਹੈ। ਇਹ ਅੱਜ ਵੀ ਸਾਹਿਤਕਾਰਾਂ ਦੀ ਗੱਲ ਕਰਦੇ ਹਨ ਤਾਂ ਵਿਦੇਸ਼ੀ ਸਾਹਿਤਕਾਰਾਂ ਦੀ ਤੇ ਵਿਦੇਸ਼ੀ ਸਾਹਿਤ ਦੀ। ਹੋਰ ਤਾਂ ਹੋਰ ਪਾਕਿਸਤਾਨੀ ਪੰਜਾਬੀ ਗ਼ਜ਼ਲ ਹਿੰਦੋਸਤਾਨੀ ਪੰਜਾਬੀ ਗ਼ਜ਼ਲ ਦੇ ਕਿਤੇ ਨੇੜੇ-ਤੇੜੇ ਵੀ ਨਹੀਂ ਪਹੁੰਚਦੀ ਪਰ ਇਹ ਲੋਕ ਉਸ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੀ ਜਾਂਦੇ ਹਨ। ਇਹ ਗੁਨਾਹੋਂ-ਬੇਲੱਜ਼ਤ ਇਹ ਇਸ ਵਾਸਤੇ ਵੀ ਕਰੀ ਜਾਂਦੇ ਹਨ ਕਿ ਕਦੀ ਪਾਕਿਸਤਿਾਨ ਗਏ ਤਾਂ ਉੱਥੋਂ ਦੇ ਲੇਖਕ ਇਹਨਾਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਣਗੇ। ਹਾਲਾਂਕਿ ਇਹਨਾਂ ਵਿੱਚੋਂ ਕਿੰਨਿਆਂ ਕੁ ਨੇ ਪਾਕਿਸਤਾਨ ਚਲੇ ਜਾਣਾ ਹੈ ! ਤੇ ਫਿਰ ਝੂਠ ਦੇ ਪੁਲ ਇਹਨਾਂ ਨੂੰ ਕਿੰਨਾ ਕੁ ਚਿਰ ਬੁਲੰਦੀਆਂ 'ਤੇ ਟਿਕਾਈ ਰੱਖਣਗੇ !

ਹਾਂ, ਗੱਲ ਕਰ ਰਿਹਾ ਸੀ ਵਿਦੇਸ਼ੀ ਕਵਿਤਾ ਦੀ। ਇਹ ਲੈਅ-ਵਿਹੂਣੀ ਕਵਿਤਾ ਦੇ ਪ੍ਰਸਤਾਰਾਂ ਨੇ ਜਦੋਂ ਅੰਗਰੇਜ਼ੀ ਸਾਹਿਤ ਪੜ੍ਹਿਆ (ਬਹੁਤਿਆਂ ਨੇ ਤਾਂ ਉਸ ਦਾ ਅਨੁਵਾਦ ਹੀ ਪੜ੍ਹਿਆ ਤੇ ਕਵਿਤਾ ਦਾ ਅਨੁਵਾਦ ਸਦਾ ਕਵਿਤਾ ਨਹੀਂ ਹੁੰਦਾ।) ਤਾਂ ਇਹ ਉਸ ਦੀ ਲੈਅ ਨੂੰ ਸਮਝ ਨਹੀਂ ਸਕੇ ਤੇ ਇਹ ਖ਼ਿਆਲ ਇਹਨਾਂ ਦੇ ਦਿਲ 'ਚ ਬੈਠ ਗਿਆ ਕਿ ਅੰਗਰੇਜ਼ੀ ਕਵਿਤਾ ਲੈਅ-ਵਿਹੂਣੀ ਹੈ। ਹਰ ਦੇਸ਼ ਦੀ, ਹਰ ਖਿੱਤੇ ਦੀ, ਹਰ ਭਾਸ਼ਾ ਦੀ ਇੱਕ ਅਲੱਗ ਲੈਅ ਹੁੰਦੀ ਹੈ, ਜਿਸ ਨੂੰ ਉਸ ਦੇਸ਼, ਉਸ ਖਿੱਤੇ, ਉਸ ਭਾਸ਼ਾ ਦੇ ਲੋਕ ਬਾਖ਼ੂਬੀ ਸਮਝਦੇ ਹੁੰਦੇ ਹਨ ਪਰ ਦੂਜਿਆਂ ਵਾਸਤੇ ਉਸ ਨੂੰ ਸਮਝ ਸਕਣਾ ਕਈ ਵਾਰ ਮੁਸ਼ਕਿਲ ਹੋ ਜਾਂਦਾ ਹੈ। ਜਿਵੇਂ ਪਿੰਗਲ ਦਾ ਇੱਕ ਛੰਦ 'ਸਵੱਈਆ' ਹੈ। ਇਸ ਦੀ ਚਾਲ ਨੂੰ ਅਨਜਾਣ ਆਦਮੀ ਸਮਝ ਨਹੀਂ ਸਕਦਾ ਤੇ ਉਹ ਧਾਰਨਾ ਬਣਾ ਲੈਂਦਾ ਹੈ ਕਿ ਲਿਖਣ ਵਾਲੇ ਤੋਂ ਲੈਅ ਬਣੀ ਨਹੀਂ, ਜਦ ਕਿ ਇਸ ਦੀ ਚਾਲ ਨੂੰ ਸਮਝਣ ਵਾਲਾ ਜਦ ਇਸ ਨੂੰ ਪੜ੍ਹਦਾ ਜਾਂ ਗਾਉਂਦਾ ਹੈ ਤਾਂ ਰੰਗ ਬੰਨ੍ਹ ਦਿੰਦਾ ਹੈ।

ਇਸੇ ਤਰ੍ਹਾਂ 'ਅਰੂਜ਼' ਦੀਆਂ ਕੁਝ ਬਹਿਰਾਂ ਹਨ, ਜਿਨ੍ਹਾਂ ਨੂੰ ਸਹੀ ਤੌਰ 'ਤੇ ਪੜ੍ਹਨ ਅਤੇ ਉਹਨਾਂ ਦਾ ਲੁਤਫ਼ ਉਠਾਉਣ ਲਈ ਉਹਨਾਂ ਦੀ ਸਹੀ ਚਾਲ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਬਹਿਰ 'ਹਜਜ਼ ਮੁਸੱਮਨ ਮਕਬੂਜ਼' ਵਿਚ ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਦੀ ਇੱਕ ਗ਼ਜ਼ਲ ਹੈ। ਇਸ ਵਿੱਚ 'ਮੁਫ਼ਾਇਲੁਨ' ਰੁਕਨ ਅੱਠ ਵਾਰ ਵਰਤਿਆ ਗਿਆ ਹੈ-

ਸਿਤਮ ਕਰੇ ਤਾਂ ਖ਼ੂਬ ਹੈ, ਕਰਮ ਕਰੇ, ਕਮਾਲ ਹੈ !
ਉਹ ਹੁਸਨ ਦਿਲ-ਫ਼ਰੇਬ ਜੇ ਰਹੇ ਘਰੇ, ਕਮਾਲ ਹੈ !

ਖ਼ਿਜ਼ਾਂ ਦੀ ਰੁਤ 'ਚ ਬਾਗ਼ ਦਾ ਤਾਂ ਪੱਤਾ-ਪੱਤਾ ਸੁੱਕਿਐ,
ਮਗਰ ਇਹ ਦਿਲ ਦੇ ਜ਼ਖ਼ਮ ਹਨ ਹਰੇ-ਹਰੇ, ਕਮਾਲ ਹੈ !

ਇਸ ਗ਼ਜ਼ਲ ਨੂੰ ਪੜ੍ਹ ਕੇ ਇੱਕ ਸ਼ਾਇਰ ਮੇਰੇ ਕੋਲ ਆਇਆ ਤੇ ਕਹਿਣ ਲੱਗਾ, 'ਸੰਧੂ ਸਾਹਿਬ

ਤੁਹਾਡੇ ਉਸਤਾਦ ਜੀ ਵੀ ਕਈ ਵਾਰ ਝੱਲ-ਵਲੱਲੀਆਂ ਮਾਰ ਜਾਂਦੇ ਨੇ।' ਪੁੱਛਣ 'ਤੇ ਕਹਿਣ ਲੱਗਾ, 'ਵੇਖੋ ਇਸ ਗ਼ਜ਼ਲ ਦੇ ਸ਼ਿਅਰਾਂ ਵਿਚ ਕੋਈ ਲੈਅ ਹੈ ਹੀ ਨਹੀਂ।' ਮੈਂ ਮੱਥੇ 'ਤੇ ਹੱਥ ਮਾਰਿਆ ਤੇ ਕਿਹਾ ਕਿ ਮਿੱਤਰਾ ਇਸ ਦੀ ਲੈਅ ਨੂੰ ਸਮਝਣਾ ਤੇਰੇ ਵੱਸ ਦੀ ਗੱਲ ਨਹੀਂ। ਇਸ ਨੂੰ ਸਮਝਣ ਵਾਸਤੇ ਆਪਣੇ ਅੰਦਰ ਵੀ ਲੈਅ ਦਾ ਸਾਗਰ ਲਹਿਰਦਾ ਹੋਣਾ ਚਾਹੀਦਾ ਹੈ। ਫਿਰ ਮੈਂ ਉਸ ਨੂੰ ਇਹ ਸ਼ਿਅਰ ਲੈਅ ਵਿਚ ਪੜ੍ਹਕੇ ਸੁਣਾਏ ਤਾਂ 'ਅਸ਼-ਅਸ਼' ਕਰਦਾ ਗਿਆ।

ਇਸੇ ਤਰ੍ਹਾਂ ਵਿਦੇਸ਼ੀ ਕਾਵਿ-ਲੈਅ ਨੂੰ ਸਮਝਣ ਤੋਂ ਅਸਮਰੱਥ ਸ਼ਾਇਰਾਂ ਨੇ ਇੱਕ ਸਹੂਲਤ ਮਿਲ ਗਈ ਸਮਝ ਲਈ ਤੇ ਆਪ ਵੀ ਲੈਅ-ਵਿਹੂਣੇ ਊਣੇ-ਅਧੂਰੇ ਵਾਕ-ਅੰਸ਼ ਲਿਖ ਲਿਖ ਕੇ ਉਹਨਾਂ 'ਤੇ 'ਕਵਿਤਾ' ਦਾ ਲੇਬਲ ਲਾ ਲਾ ਕੇ ਛਪਵਾਉਣ ਲੱਗੇ। ਉਹਨਾਂ ਵਰਗੇ ਹੀ ਅਗਿਆਨੀ ਅਤੇ ਅਸਲ ਕਵਿਤਾ ਦੇ ਪਹਿਲਾਂ ਹੀ ਵਿਰੋਧੀ ਆਲੋਚਕਾਂ ਨੇ ਉਹਨਾਂ ਨੂੰ ਬੜਾ ਵਡਿਆਇਆ ਤੇ ਉਹਨਾਂ ਨੂੰ ਅਣਹੋਏ ਵੰਝ 'ਤੇ ਹੀ ਚੜ੍ਹਾ ਛੱਡਿਆ। ਅਸਲ ਵਿੱਚ ਲੈਅ-ਵਿਹੂਣੀ ਕਵਿਤਾ ਕੋਈ ਕਵਿਤਾ ਨਹੀਂ। ਹਾਂ, 'ਤੁਕਾਂਤ' (ਕਾਫ਼ੀਆ-ਰਦੀਫ਼) ਕਵਿਤਾ ਦਾ ਜ਼ਰੂਰੀ ਅੰਗ ਨਹੀਂ, ਇਹ ਕਵਿਤਾ ਲਈ ਕੇਵਲ ਜ਼ੇਵਰ (ਗਹਿਣੇ) ਹੀ ਹਨ ਜਿਹਨਾਂ ਨਾਲ ਕਵਿਤਾ ਹੋਰ ਖ਼ੂਬਸੂਰਤ ਲੱਗਦੀ ਹੈ। ਪਰ ਲੈਅ ਤਾਂ ਕਵਿਤਾ ਦੀ ਜਾਨ ਹੈ।

ਵੀਹਵੀਂ ਸਦੀ ਦੇ ਛੇਵੇਂ-ਸਤਵੇਂ ਦਹਾਕੇ ਵਿੱਚ ਉਪਰੋਕਤ ਕਿਸਮ ਦੇ ਸ਼ਾਇਰਾਂ ਅਤੇ ਆਲੋਚਕਾਂ ਨੇ ਛੰਦ-ਬੱਧ ਕਵਿਤਾ 'ਤੇ ਬੜਾ ਜ਼ੋਰਦਾਰ ਹੱਲਾ ਬੋਲਿਆ। ਜਿਸ ਦੇ ਮੁਕਾਬਲੇ ਵਿੱਚ ਸ. ਸਾਧੂ ਸਿੰਘ ਹਮਦਰਦ, ਜਨਾਬ ਦੀਪਕ ਜੈਤੋਈ ਸਾਹਿਬ, ਸ. ਮਹਿੰਦਰ ਮਾਨਵ, ਡਾ. ਠਾਕੁਰ ਭਾਰਤੀ ਆਦਿ ਦੀ ਅਗਵਾਈ ਵਿੱਚ ਕੁਝ ਹਮ-ਉਮਰਾਂ ਨਾਲ ਅਸੀਂ ਵੀ ਆਪਣੇ ਝੰਡੇ ਬੁਲੰਦ ਕੀਤੇ ਤੇ ਉਹਨਾਂ ਨੂੰ ਇੱਕ ਬੱਝਵੀਂ ਤੇ ਨਿਰਣਾਇਕ ਟੱਕਰ ਦਿੱਤੀ। ਜਿਸ ਸਦਕਾ ਇਸ ਤੂਫ਼ਾਨੇ-ਬਦ-ਤਮੀਜ਼ੀ ਨੂੰ ਠੱਲ੍ਹ ਪੈ ਸਕੀ, ਵਰਨਾ...

'ਵਰ੍ਹਦੀ ਅੱਗ 'ਚ ਯਾਦ ਸੀ, ਕੇਵਲ ਵਰ੍ਹਦੀ ਅੱਗ,
ਅੱਗ ਬੁਝਣ 'ਤੇ ਜਲ-ਮਰੇ, ਚੇਤੇ ਆਉਣ ਵਧੀਕ।' -ਅ. ਸੰਧੂ.

ਉਪਰੋਕਤ ਸ਼ਿਅਰ ਵਾਂਗ ਜਦੋਂ ਤੱਕ ਇਹ ਸੰਘਰਸ਼ ਚੱਲਦਾ ਸੀ ਉਦੋਂ ਤੱਕ ਤਾਂ ਇਸ ਸੰਘਰਸ਼ 'ਚੋਂ ਸੁਰਖ਼-ਰੂ ਹੋ ਕੇ ਨਿਕਲਣਾ ਹੀ ਇੱਕੋ ਇੱਕ ਮਕਸਦ ਸੀ ਤੇ ਹੋ ਰਹੇ ਕਈ ਨੁਕਸਾਨਾਂ ਦਾ ਪਤਾ ਹੀ ਨਹੀਂ ਸੀ ਚੱਲਿਆ ਪਰ ਜਦੋਂ ਇਸ ਅੱਗ ਨੂੰ ਠੱਲ੍ਹ ਪਈ ਤਾਂ ਪਤਾ ਲੱਗਿਆ ਕਿ ਇਸ ਅੱਗ ਵਿੱਚੋਂ ਭਾਵੇਂ ਗ਼ਜ਼ਲ-ਗੀਤ ਤਾਂ ਜੇਤੂ ਹੋ ਨਿਕਲੇ ਹਨ ਪਰ ਇਸ ਘੱਲੂਘਾਰੇ ਵਿੱਚ ਛੰਦ-ਬੱਧ ਕਵਿਤਾ ਕਿਤੇ ਅਲੋਪ ਹੀ ਹੋ ਗਈ।

ਛੰਦ-ਬੱਧ ਸਟੇਜੀ ਕਵਿਤਾ ਆਪਣੇ ਆਪ ਵਿੱਚ ਇੱਕ ਬਹੁਤ ਹੀ ਖ਼ੂਬਸੂਰਤ ਵਿਧਾ ਸੀ। ਇਸ ਰਾਹੀਂ ਸ਼ਾਇਰ ਆਪਣੇ ਦਿਲ ਦੀ ਗੱਲ ਪੂਰੇ ਵਿਸਥਾਰ ਵਿੱਚ ਕਹਿ ਸਕਦਾ ਸੀ ਤੇ ਆਪਣੀ ਕਲਾ ਦੀਆਂ ਕਲਾ-ਬਾਜ਼ੀਆਂ ਦਾ ਖੁੱਲ੍ਹ ਕੇ ਪਰਗਟਾਵਾ ਕਰ ਸਕਦਾ ਸੀ। ਖੁੱਲ੍ਹੇ ਕਵੀ-ਦਰਬਾਰਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਾਹਮਣੇ ਬੈਠੇ ਸਰੋਤੇ ਆਨੰਦ-ਵਿਭੋਰ ਹੁੰਦੇ ਤੇ ਲਫ਼ਜ਼ੀ ਅਤੇ ਮਾਇਕ ਦਾਦ ਨਾਲ ਕਵੀਆਂ ਦੀਆਂ ਝੋਲੀਆਂ ਭਰ ਦਿੰਦੇ। ਐਸੇ ਕਵੀ ਦਰਬਾਰ ਸਾਰੀ ਸਾਰੀ ਰਾਤ ਚੱਲਦੇ ਤੇ ਦੇਰ ਤੱਕ ਸਰੋਤੇ ਇਹਨਾਂ ਦੀਆਂ ਯਾਦਾਂ ਆਪਣੇ ਮਨਾਂ ਵਿੱਚ ਸਮੋਈ ਰੱਖਦੇ। ਇਹਨਾਂ ਕਵੀ-ਦਰਬਾਰਾਂ ਵਿੱਚ ਲੈਅ-ਬੱਧ ਅਤੇ ਲੰਮੀਆਂ ਕਵਿਤਾਵਾਂ ਪੇਸ਼ ਕੀਤੀਆਂ ਜਾਂਦੀਆਂ ਸਨ।

ਇਹਨਾਂ ਕਵੀ-ਦਰਬਾਰਾਂ ਅਤੇ ਲੰਮੀ ਲੈਅ-ਬੱਧ ਕਵਿਤਾ ਨੂੰ ਉਹਨਾਂ ਦਿਨਾਂ ਵਿੱਚ ਹੀ ਇੱਕ ਹੋਰ ਮਾਰ ਵੀ ਵੱਜੀ। ਉਹ ਸੀ ਪੰਜਾਬ ਦੀ ਖਾੜਕੂ-ਲਹਿਰ। ਇਸ ਦੌਰ ਵਿੱਚ ਤਾਂ ਦੋਹਾਂ ਧਿਰਾਂ ਤੋਂ ਡਰਦੇ ਲੋਕੀਂ ਦਿਨੇ ਬਾਹਰ ਨਿਕਲਣ ਤੋਂ ਘਬਰਾਉਂਦੇ ਸਨ, ਰਾਤ ਰਾਤ ਭਰ ਕਵੀ-ਦਰਬਾਰ ਕਿਸ ਨੇ ਕਰਨੇ ਕਰਾਉਣੇ ਸਨ ! ਨਤੀਜਾ ਇਹ ਨਿਕਲਿਆ ਕਿ ਕਾਵਿਕ-ਮੱਸ ਰੱਖਣ ਵਾਲੇ ਲੋਕ ਛੱਤਾਂ ਦੇ ਅੰਦਰ ਆ ਗਏ ਤੇ ਦਿਨ ਵੇਲੇ ਹੀ ਕਮਰਿਆਂ ਵਿੱਚ ਸੰਖੇਪ ਜਿਹੀਆਂ ਕਾਵਿ-ਮਹਿਫ਼ਿਲਾਂ ਦੇ ਆਯੋਜਨ ਹੋਣ ਲੱਗੇ। ਇਹਨਾਂ ਛੋਟੀਆਂ ਮਹਿਫ਼ਿਲਾਂ ਵਿੱਚ ਲੰਮੀ ਕਵਿਤਾ ਸੁਣਨੀ-ਸੁਣਾਉਣੀ ਸੰਭਵ ਹੀ ਨਾ ਰਹੀ। ਅਖ਼ਬਾਰਾਂ-ਰਸਾਲਿਆਂ ਵਿੱਚ ਵੀ ਸੰਪਾਦਕ ਲੰਮੀ ਕਵਿਤਾ ਛਾਪਣ ਤੋਂ ਗੁਰੇਜ਼ ਕਰਦੇ ਹਨ, ਸੋ ਲੰਮੀ ਕਵਿਤਾ ਲਿਖਣੀ ਵੀ ਘੱਟ ਹੁੰਦੀ ਹੁੰਦੀ ਬੰਦ ਹੀ ਹੋ ਗਈ।

ਇਸੇ ਦੌਰ ਵਿੱਚ ਜ਼ਿਆਦਾ ਪ੍ਰਚੱਲਿਤ ਹੋਏ 'ਕੀਰਤਨ ਦਰਬਾਰਾਂ' ਨੇ ਧਾਰਮਿਕ ਕਵੀ-ਦਰਬਾਰਾਂ ਅਤੇ ਢਾਡੀ-ਦਰਬਾਰਾਂ ਨੂੰ ਗੁਰੂ-ਘਰਾਂ 'ਚੋਂ ਵੀ ਬਾਹਰ ਧੱਕ ਦਿੱਤਾ। ਇਉਂ ਲੰਮੀ ਤੇ ਛੰਦ-ਬੱਧ ਧਾਰਮਿਕ ਕਵਿਤਾ ਦਾ ਵੀ ਵਿਕਾਸ ਰੁਕ ਗਿਆ।

ਹੋਇਆ ਕੁਝ ਵੀ ਹੋਵੇ, ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਦੌਰ ਵਿੱਚ ਇੱਕ ਬਹੁਤ ਹੀ ਖ਼ੂਬਸੂਰਤ ਅਤੇ ਪ੍ਰਭਾਵਸ਼ਾਲੀ ਵਿਧਾ ਤਕਰੀਬਨ ਖ਼ਤਮ ਹੋ ਕੇ ਰਹਿ ਗਈ। ਭਾਵੇਂ ਗ਼ਜ਼ਲ-ਖੇਤਰ ਵਿੱਚ ਚੰਗੀ ਇੱਜ਼ਤ ਬਣ ਜਾਣ ਕਰਕੇ ਮੇਰੇ ਜਜ਼ਬਿਆਂ ਨੂੰ ਤਾਂ ਗ਼ਜ਼ਲ ਰਾਹੀਂ ਨਿਕਾਸ ਮਿਲਦਾ ਗਿਆ ਪਰ ਮੂਲ-ਰੂਪ ਵਿੱਚ ਇੱਕ ਸਟੇਜੀ-ਸ਼ਾਇਰ ਹੋਣ ਕਰਕੇ ਕਵਿਤਾ ਦੇ ਇਸ ਨੁਕਸਾਨ 'ਤੇ ਮੈਨੂੰ ਸਦਾ ਹੀ ਅਫ਼ਸੋਸ ਹੁੰਦਾ ਰਿਹਾ। ਮੈਨੂੰ ਤਾਂ ਇਉਂ ਮਹਿਸੂਸ ਹੁੰਦਾ ਸੀ ਜਿਵੇਂ ਮੇਰਾ ਇੱਕ ਪਾਸਾ ਹੀ ਮਾਰਿਆ ਗਿਆ ਹੋਵੇ।

ਹੁਣ ਜਦ ਦਿਨ ਅਤੇ ਰਾਤ ਵਿੱਚ ਵੀ ਖੁੱਲ੍ਹੇ ਪੰਡਾਲਾਂ ਵਿੱਚ ਕਵੀ-ਦਰਬਾਰਾਂ ਵਾਸਤੇ ਮਾਹੌਲ ਠੀਕ ਹੈ ਤਾਂ ਮੈਂ ਆਪ ਵੀ ਕਵਿਤਾ ਵੱਲ ਵਾਪਸ ਆਇਆ ਹਾਂ ਤੇ ਆਪਣੇ ਸ਼ਾਗਿਰਦ ਸ਼ਾਇਰਾਂ ਨੂੰ ਵੀ ਛੰਦ-ਬੱਧ ਕਵਿਤਾ ਲਿਖਣ ਵੱਲ ਪ੍ਰੇਰਨਾ ਦੇ ਰਿਹਾ ਹਾਂ। ਜਦੋਂ ਮੈਂ ਉਹਨਾਂ ਨੂੰ ਆਪਣੀਆਂ ਕਵਿਤਾਵਾਂ ਸੁਣਾਉਂਦਾ ਹਾਂ ਤਾਂ ਪ੍ਰਭਾਵਤ ਹੋ ਕੇ ਉਹ ਵੀ ਕਵਿਤਾ ਲਿਖਦੇ ਹਨ। ਕਵਿਤਾ ਵੱਲ ਉਹਨਾਂ ਦੀ ਖਿੱਚ ਤੋਂ ਹੀ ਆਸਵੰਦ ਹੋ ਕੇ ਮੈਂ ਇਹ ਕਾਵਿ-ਸੰਗ੍ਰਹਿ 'ਜੋਬਨ ਯਾਦਾਂ' ਛਪਵਾ ਰਿਹਾ ਹਾਂ ਤਾਂ ਕਿ ਪਾਠਕਾਂ ਦੇ ਨਾਲ ਨਾਲ ਨਵੇਂ ਸ਼ਾਇਰ ਵੀ ਇਹਨਾਂ ਕਵਿਤਾਵਾਂ ਨੂੰ ਪੜ੍ਹਨ ਅਤੇ ਆਪ ਵੀ ਲਿਖਣ ਵੱਲ ਰੁਚਿਤ ਹੋਣ।

ਕਵਿਤਾ ਵੱਲ ਰੁਚਿਤ ਨੌਜਾਵਨ ਸ਼ਾਇਰਾਂ ਨੂੰ ਮੇਰੀ ਸਲਾਹ ਹੈ ਕਿ ਉਹ ਛੰਦ-ਬੱਧ ਕਵਿਤਾ ਲਿਖਣ। 'ਸੰਧੂ ਗ਼ਜ਼ਲ ਸਕੂਲ' ਵੱਲੋਂ ਚਲਾਈ ਜਾ ਰਹੀ 'ਗ਼ਜ਼ਲ-ਲਹਿਰ' ਵਾਂਗ ਹੀ ਛੰਦ-ਬੱਧ ਕਵਿਤਾ ਲਿਖਣ, ਸਮਝਣ ਤੇ ਸਿੱਖਣ ਦੇ ਕਾਰਜ ਵਿੱਚ ਸਲਾਹ, ਸੇਧ ਤੇ ਸੋਧ ਲਈ ਮੇਰੇ ਕੋਲ ਸਦਾ ਹੀ ਸਮਾਂ ਤੇ ਸਮਰੱਥਾ ਸੁਲੱਭ ਰਹੇਗੀ।

ਹਾਂ- ਇਸ ਕਾਵਿ-ਸੰਗ੍ਰਹਿ 'ਜੋਬਨ-ਯਾਦਾਂ' ਵਿੱਚ ਮੈਂ ਬਹੁਤੀਆਂ ਕਵਿਤਾਵਾਂ ਆਪਣੇ ਜੋਬਨ ਵੇਲੇ ਦੀਆਂ ਲਿਖੀਆਂ ਹੋਈਆਂ ਹੀ ਦੇ ਰਿਹਾ ਹਾਂ ਜਿਹਨਾਂ ਨੂੰ ਪੜ੍ਹ ਕੇ ਅੱਜ ਵੀ ਆਪਣਾ ਜੋਬਨ ਯਾਦ ਆ ਜਾਂਦਾ ਹੈ। ਫਿਰ ਵੀ ਕੁਝ ਕਵਿਤਾਵਾਂ ਨਵੀਆਂ ਵੀ ਹਨ। ਮੇਰੀ ਕੋਸ਼ਿਸ਼ ਹੈ ਕਿ ਆਪਣੀਆਂ ਸਾਰੀਆਂ ਕਵਿਤਾਵਾਂ ਪੇਸ਼ ਕਰਨ ਦੀ ਥਾਂ ਹਰ ਕਿਸਮ ਦੀ ਵੰਨਗੀ ਮਾਤਰ ਥੋੜ੍ਹੀਆਂ ਜਿਹੀਆਂ ਕਵਿਤਾਵਾਂ ਹੀ ਦਿੱਤੀਆਂ ਜਾਣ। ਵਿਸ਼ੇ ਪੱਖੋਂ ਇਸ ਪੁਸਤਕ ਵਿੱਚ ਤੁਹਾਨੂੰ ਕੁਝ ਕਵਿਤਾਵਾਂ ਪਿਆਰ-ਮੁਹੱਬਤ ਦੀਆਂ ਮਿਲਣਗੀਆਂ, ਕੁਝ ਸਮਾਜਿਕ ਅਤੇ ਕੁਝ ਧਾਰਮਿਕ। ਜਦ ਕਿ ਗਹਿਰ-ਗੰਭੀਰ ਕਵਿਤਾਵਾਂ ਦੇ ਨਾਲ ਨਾਲ ਕੁਝ ਕਵਿਤਾਵਾਂ ਹਾਸ-ਰਸੀ ਵੀ ਦਿੱਤੀਆਂ ਜਾ ਰਹੀਆਂ ਹਨ। ਚੌਮਿਸਰੇ ਅਤੇ ਬੈਂਤ ਤਾਂ ਜ਼ਿਆਦਾਤਰ ਵਿਅੰਗਮਈ ਹਨ। ਮਕਸਦ ਇਹੋ ਹੀ ਹੈ ਕਿ ਨੌਜਵਾਨ ਸ਼ਾਇਰਾਂ ਨੂੰ ਦੱਸਿਆ ਜਾ ਸਕੇ ਕਿ ਇਸ ਕਿਸਮ ਦੀ ਵੀ ਕਵਿਤਾ ਹੁੰਦੀ ਹੈ, ਇਸ ਤਰ੍ਹਾਂ ਵੀ ਲਿਖੋ! ਪੰਜਾਬੀ ਪਾਠਕਾਂ, ਵਿਦਵਾਨਾਂ ਅਤੇ ਸਿਖਿਆਰਥੀਆਂ ਵੱਲੋਂ ਆਈ ਪ੍ਰਸ਼ੰਸਾ ਲਈ ਹੀ ਨਹੀਂ, ਨੁਕਤਾਚੀਨੀ ਲਈ ਵੀ ਸੰਧੂ ਝੋਲੀ ਅੱਡੀ ਖੜਾ ਹੈ।

ਧੰਨਵਾਦ!

-ਅਮਰਜੀਤ ਸਿੰਘ ਸੰਧੂ
ਸੰਧੂ ਗ਼ਜ਼ਲ ਸਕੂਲ,
421-ਦਕੋਹਾ (ਜਲੰਧਰ)-144023
ਫ਼ੋਨ : 0181-6521106

ਮਿਤੀ: 06-08-2006

## ਤਸਵੀਰ

ਫਿਰ ਸੱਜਣੀ, ਤਸਵੀਰ ਤੇਰੀ ਮੈਂ
ਅੱਧੀ ਵਾਹ ਕੇ ਛੱਡ ਦਿੱਤੀ ਹੈ।
ਫਿਰ ਰੰਗਾਂ ਦੀ ਭਿੱਜੀ ਕੂਚੀ
ਉਂਗਲੀਆਂ 'ਚੋਂ ਕੱਢ ਦਿੱਤੀ ਹੈ।

ਏਸ ਹਾਲ ਵਿਚ, ਮੈਨੂੰ ਜਾਪੇ
ਤੇਰਾ ਚਿਤਰ ਬਣਾ ਨਹੀਂ ਹੋਣਾ।
ਤੇਰੀ ਇਸ ਤਸਵੀਰ 'ਚ ਤੇਰਾ
ਅਸਲੀ ਰੂਪ ਵਿਖਾ ਨਹੀਂ ਹੋਣਾ।

ਜਦ ਵੀ ਤੇਰੇ ਕਾਲ਼ਿਆਂ ਕੇਸਾਂ
ਵਿਚ ਕਾਲ਼ਾ ਰੰਗ ਭਰਨ ਪਿਆ ਹਾਂ।
ਕੇਸ ਤੇਰੇ ਖੁੱਲ੍ਹ ਜਾਂਦੇ ਰਹੇ ਨੇ
ਲੱਖ 'ਕੱਠੇ ਮੈਂ ਕਰਨ ਪਿਆ ਹਾਂ।

ਬ੍ਰਿਹਣ ਵਰਗੇ ਖੁੱਲ੍ਹੇ ਕੇਸਾਂ
ਹੇਠਾਂ ਡੁੱਬੀਆਂ ਡੁੱਬੀਆਂ ਅੱਖੀਆਂ।
ਮੇਰੇ ਬੁਰਸ਼ ਬਣਾ ਦਿੰਦੇ ਨੇ
ਸੋਚਾਂ ਦੇ ਵਿਚ ਖੁੱਭੀਆਂ ਅੱਖੀਆਂ।

ਤੇਰੀਆਂ ਬੁੱਲ੍ਹੀਆਂ ਦੇ ਹਾਸੇ 'ਚੋਂ
ਅਕਸਰ ਰੋਣਾ ਫੁੱਟ ਪੈਂਦਾ ਹੈ।
ਇੱਕ ਪਹਾੜ ਗ਼ਮਾਂ ਦਾ ਤੇਰੇ
ਮੱਥੇ ਉੱਤੇ ਟੁੱਟ ਪੈਂਦਾ ਹੈ।

ਹੱਸਦੀਆਂ ਗੱਲ੍ਹਾਂ ਦੇ ਟੋਏ ਵੀ
ਗ਼ਮ ਦੀਆਂ ਖਾਈਆਂ ਬਣ ਜਾਂਦੇ ਨੇ।
ਸੁਰਖ਼ ਰੰਗ ਵੀ ਗੱਲ੍ਹਾਂ ਉੱਤੇ
ਭੈੜੇ ਸ਼ਾਈਆਂ ਬਣ ਜਾਂਦੇ ਨੇ।

ਤੇਰੇ ਗਲ਼ ਦੀ ਗਾਨੀ ਨੂੰ ਵੀ,
ਛੋਹਾਂ ਠੀਕ ਲਗਾ ਨਹੀਂ ਸਕਿਆ।
ਉਹ ਫਾਂਸੀ ਜਿਹੀ ਬਣ ਜਾਂਦੀ ਹੈ
ਗਾਨੀ ਕਦੀ ਬਣਾ ਨਹੀਂ ਸਕਿਆ।

ਜਦੋਂ ਕਿਨਾਰੀ ਲਾਉਣ ਵਾਸਤੇ
ਬੁਰਸ਼ ਕਿਨਾਰੇ ਛੋਹ ਜਾਂਦਾ ਹੈ।
ਤੇਰਾ ਸੂਹਾ-ਸੂਹਾ ਸ੍ਹਾਲੂ,
ਲੀਰਾਂ ਲੀਰਾਂ ਹੋ ਜਾਂਦਾ ਹੈ।

ਉਸ ਸ੍ਹਾਲੂ ਦੀਆਂ ਲੀਰਾਂ ਵਿੱਚੋਂ
ਛੋਟੇ ਮੋਟੇ ਲੱਖ ਪਰਛਾਵੇਂ।
ਨੰਗ-ਧੜੰਗੇ ਹੱਥ ਫੈਲਾਈ
ਆ ਜਾਂਦੇ ਨੇ ਮੇਰੇ ਸਾਹਵੇਂ।

ਫਿਰ ਪਰਛਾਵਿਆਂ ਵਿੱਚੋਂ ਮੈਨੂੰ
ਲੱਖਾਂ ਰਾਂਝੇ ਦਿੱਸ ਪੈਂਦੇ ਨੇ।
ਚੂਚਕ ਅੱਗੇ 'ਹੀਰ' ਦੀ ਥਾਂ 'ਤੇ
'ਰੋਟੀ' ਕਹਿ ਕੇ ਫਿੱਸ ਪੈਂਦੇ ਨੇ।

ਲੱਖਾਂ ਹੀ ਭੁੱਖੀਆਂ ਹੀਰਾਂ ਨੇ
ਭੁੱਖੇ ਢਿੱਡ ਲੁਕਾਏ ਦਿੱਸਣ।
ਚੂਰੀ ਦੀ ਥਾਂ ਛੰਨੇ ਦੇ ਵਿਚ
ਲੱਪ ਕੁ ਛੋਲੇ ਪਾਏ ਦਿੱਸਣ।

ਲੱਖਾਂ ਮਹੀਂਵਾਲ ਵੀ ਵੇਖੇ
ਪੱਟਾਂ ਉੱਤੇ ਮਾਸ ਨਹੀਂ ਹੈ।
ਭੁੱਖੀ ਸੋਹਣੀ ਦੀ ਭੁੱਖ ਦੇ ਲਈ
ਕੁਝ ਵੀ ਉਹਨਾਂ ਪਾਸ ਨਹੀਂ ਹੈ।

ਲੱਖਾਂ ਹੀ ਫ਼ਰਿਹਾਦ ਪਿਆਸੇ
ਨਹਿਰਾਂ ਪੁੱਟਦੇ ਮਰ ਜਾਂਦੇ ਨੇ।
ਖਾਲੀ ਹੱਥ ਖਿਲਾਰੇ ਹੋਏ
ਤੇਸਾ ਪਾਸੇ ਧਰ ਜਾਂਦੇ ਨੇ।

ਲੱਖਾਂ ਭੁੱਖੇ ਬੱਚੇ, ਰੁੱਖੀ ਰੋਟੀ
ਮੰਗਦੇ ਸੌਂ ਜਾਂਦੇ ਨੇ।
ਲੱਖਾਂ ਭੁੱਖੇ ਸੁੱਤਿਆਂ ਹੋਇਆਂ
ਦੇ ਹੀ ਡੇਲੇ ਭੌਂ ਜਾਂਦੇ ਨੇ।

ਲੱਖਾਂ ਭੁੱਖੀਆਂ ਮਾਂਵਾਂ ਉੱਤੇ
ਬੱਚੇ ਭੁੱਖੇ-ਪੇਟ ਪਏ ਨੇ।
ਲੱਖਾਂ ਨੇ ਹੀ ਢਿੱਡ ਦੀ ਖ਼ਾਤਿਰ
ਢਿੱਡ ਦੇ ਜਾਏ ਵੇਚ ਲਏ ਨੇ।

ਸੱਜਣੀ, ਤੇਰੀਆਂ ਅੱਖਾਂ ਦੇ ਵਿਚ
ਡੁਬੀਆਂ ਰੂਹਾਂ ਲੱਖ ਤ੍ਰਿਹਾਈਆਂ।
ਤੇਰੀਆਂ ਬੁੱਲ੍ਹੀਆਂ 'ਚੋਂ ਸੁਣੀਆਂ ਨੇ
ਲੱਖਾਂ ਚੀਸਾਂ, ਲੱਖ ਦੁਹਾਈਆਂ।

ਲੱਖ ਕੁਰਲ੍ਹਾਟਾਂ ਪਾਉਂਦੇ ਸੁਣਦੇ
ਮਾਸੂਮਾਂ ਦੇ ਹੌਕੇ-ਹਾਵੇ।
ਭੁੱਖ ਜਿਹਨਾਂ ਦੀ ਹੱਦੋਂ ਟੱਪੀ
ਉਹਨਾਂ ਦੇ ਆਪੇ ਨੂੰ ਖਾਵੇ।

ਜਿਹਨਾਂ ਦੇ ਜਿਸਮਾਂ ਦੇ ਵੰਡੇ
ਲੱਪ ਕੁ ਆਟਾ ਮਿਲ ਜਾਂਦਾ ਏ।
ਕਾਲ਼ੀ-ਸ਼ਾਹ ਜ਼ੁਲਫ਼ ਨੂੰ ਸਾਥੀ
ਧੌਲਾ-ਝਾਟਾ ਮਿਲ ਜਾਂਦਾ ਏ।

ਜਿਹਨਾਂ ਦੀ ਡੋਲੀ ਨੂੰ
ਦੰਮਾਂ ਨਾਲ ਵਟਾ ਕੇ ਲੈ ਜਾਂਦੇ ਨੇ।
ਦੋ ਡੰਗ ਰੋਟੀ ਬਦਲੇ, ਤਨ ਦਾ
ਪਟਾ ਲਿਖਾ ਕੇ ਲੈ ਜਾਂਦੇ ਨੇ।

ਤੇਰੇ ਮੁੱਖੜੇ ਵਿੱਚੋਂ ਐਸੇ
ਲੱਖਾਂ ਮੁੱਖੜੇ ਦਿੱਸ ਪੈਂਦੇ ਨੇ।
ਜਿਹਨਾਂ ਦੇ ਇੱਕ-ਇੱਕ ਦੁਖੜੇ 'ਚੋਂ
ਲੱਖਾਂ ਦੁੱਖੜੇ ਦਿੱਸ ਪੈਂਦੇ ਨੇ।

ਜਿਹਨਾਂ ਨੇ ਅਰਮਾਨ ਦਿਲਾਂ ਦੇ
ਦਿਲ ਦੇ ਵਿੱਚ ਦਬਾ ਰੱਖੇ ਨੇ।
ਜਿਹਨਾਂ ਨੇ ਦੰਦਾਂ ਵਿੱਚ ਦੇ ਕੇ
ਆਪਣੇ ਬੁੱਲ੍ਹ ਚਬਾ ਰੱਖੇ ਨੇ।

ਜਿਹਨਾਂ ਦੇ ਪਿਆਰਾਂ ਦਾ ਹਾਲੀ
ਇਸ ਦੁਨੀਆਂ ਵਿਚ ਮੁੱਲ ਨਹੀਂ ਹੈ।
ਗਲ਼ ਲੱਗਣ ਦੀ ਖ਼ੁੱਲ੍ਹ ਤਾਂ ਕਿੱਥੇ
ਗੱਲ ਕਰਨ ਦੀ ਖ਼ੁੱਲ੍ਹ ਨਹੀਂ ਹੈ।

ਜਿਹਨਾਂ ਸ਼ੌਕ, ਉਮੰਗਾਂ, ਚਾਹਾਂ
ਮਨ ਦੇ ਵਿਚ ਦਫ਼ਨਾ ਰੱਖੀਆਂ ਨੇ।
ਜਿਹਨਾਂ ਨੇ ਪਿਆਰਾਂ ਦੀਆਂ ਕਬਰਾਂ
ਦਿਲ ਦੇ ਵਿੱਚ ਬਣਾ ਰੱਖੀਆਂ ਨੇ।

ਉਹਨਾਂ ਦੇ ਗ਼ਮ ਬੱਦਲ ਬਣ ਕੇ
ਮੇਰੇ ਸਾਹਵੇਂ ਆ ਜਾਂਦੇ ਨੇ।
ਤੇਰੀ ਇਸ ਤਸਵੀਰ 'ਤੇ ਜ਼ਾਲਿਮ
ਸੰਘਣੇ ਸੰਘਣੇ ਛਾ ਜਾਂਦੇ ਨੇ।

ਜਦ ਤਕ ਸੱਜਣੀ! ਮੈਂ ਇਹਨਾਂ ਦੇ
ਗ਼ਮ ਦੇ ਬੋਝ ਵੰਡਾ ਨਹੀਂ ਲੈਂਦਾ।
ਜਦ ਤਕ ਸੱਜਣੀ! ਮੈਂ ਇਹਨਾਂ ਦੇ
ਦਿਲ ਦੇ ਦਰਦ ਹਟਾ ਨਹੀਂ ਲੈਂਦਾ।

ਜਦ ਤਕ ਸੱਜਣੀ! ਮੈਂ ਇਹਨਾਂ ਦੇ
ਫੱਟ ਜਿਗਰ ਦੇ ਸੀਅ ਨਹੀਂ ਲੈਂਦਾ।
ਜਦ ਤਕ ਸੱਜਣੀ! ਮੈਂ ਇਹਨਾਂ ਦੇ
ਸਾਰੇ ਹੰਝੂ ਪੀ ਨਹੀਂ ਲੈਂਦਾ।

ਓਦੋਂ ਤੀਕਣ ਮੇਰੀ ਕੂਚੀ
ਤੇਰੇ ਨਕਸ਼ ਬਣਾ ਨਹੀਂ ਸਕਦੀ।
ਓਦੋਂ ਤੱਕ ਤਸਵੀਰ ਤੇਰੀ ਵਿਚ
ਅਸਲੀ ਰੂਪ ਵਿਖਾ ਨਹੀਂ ਸਕਦੀ।

ਫਿਰ ਸੱਜਣੀ! ਤਸਵੀਰ ਤੇਰੀ ਮੈਂ
ਅੱਧੀ ਵਾਹ ਕੇ ਛੱਡ ਦਿੱਤੀ ਹੈ।
ਫਿਰ ਰੰਗਾਂ ਦੀ ਭਿੱਜੀ ਕੂਚੀ
ਉਂਗਲੀਆਂ 'ਚੋ ਕੱਢ ਦਿੱਤੀ ਹੈ।

(1967)

## ਸ਼ਮ੍ਹਾ

ਤੁਸਾਂ ਜੋ ਭੰਬਟਾਂ ਦਾ ਹੈ ਗਿਲਾ ਕੀਤਾ ਮੇਰੇ ਉੱਤੇ,
ਕਿ ਮੈਂ ਜ਼ਾਲਿਮ, ਜ਼ਫ਼ਾ-ਕਸ਼ ਹਾਂ, ਮਾਸੂਮਾਂ ਨੂੰ ਜਲਾਉਂਦੀ ਹਾਂ।
ਮੈਂ ਆਪਣਾ ਪੱਖ ਕੋਈ ਪੇਸ਼ ਕਰਨਾ ਤਾਂ ਨਹੀਂ ਚਾਹੁੰਦੀ,
ਜ਼ਰਾ ਫਿਰ ਵੀ ਤੁਹਾਡੇ ਝੂਠ ਤੋਂ ਪਰਦਾ ਉਠਾਉਂਦੀ ਹਾਂ।

ਅਗਰ ਹੈ ਗੱਲ ਸਾੜਨ ਦੀ, ਤਾਂ ਮੇਰੇ ਹਾਲ ਨੂੰ ਵੇਖੋ,
ਤੁਸੀਂ ਖ਼ੁਦ ਸਿਰ ਤੋਂ ਪੈਰਾਂ ਤੀਕਰਾਂ ਜਿਸ ਨੂੰ ਜਲਾਉਂਦੇ ਹੋ।
ਤੁਹਾਡੇ ਕਰਮ 'ਤੇ ਖਾ ਸ਼ਰਮ ਸੂਰਜ ਡੁੱਬ ਮਰਦੈ ਤਾਂ,
ਕੁਚਾਲਾਂ ਦੀ ਗੁਆਹੀ ਵਾਸਤੇ ਮੈਨੂੰ ਬੁਲਾਉਂਦੇ ਹੋ।

ਕਿ ਜਿਉਂ ਜਿਉਂ ਰਾਤ ਢਲਦੀ ਹੈ ਤਾਂ ਮਹਿਫ਼ਿਲ ਜੰਮਦੀ ਜਾਵੇ,
ਮਗਰ ਮੈਂ ਜੰਮਦੀ-ਮਹਿਫ਼ਿਲ 'ਚ ਪਲ਼ ਪਲ਼ ਹੋਰ ਢਲਦੀ ਹਾਂ।
ਜਦੋਂ ਕੋਈ ਜੰਮਦੈ ਤਾਂ 'ਦੀਪ ਬਲਿਆ' ਆਖ ਦਿੰਦੇ ਹੋ,
ਜਦੋਂ ਕੋਈ ਮਰਦੈ, ਉਸ ਦੇ ਵੀ ਸਰ੍ਹਾਣੇ ਮੈਂ ਹੀ ਬਲਦੀ ਹਾਂ।

ਅਜੇ ਵੀ ਲੋਕ ਉਲਟਾ ਹੀ ਗ਼ਿਲਾ ਕਰਦੇ ਨੇ ਮੇਰੇ 'ਤੇ,
ਅਤੇ ਕਹਿੰਦੇ ਨੇ, "ਤੂੰ ਪਰਵਾਨਿਆਂ ਨੂੰ ਕਤਲ ਕਰਦੀ ਹੈਂ।
ਜੋ ਤੈਨੂੰ ਪਿਆਰ ਕਰਦੇ ਨੇ, ਉਨ੍ਹਾਂ ਨੂੰ ਹੀ ਜਲਾਉਂਦੀ ਏਂ,
ਤੇ ਝੋਲੀ ਆਪਣੀ ਤੂੰ ਰਾਤ ਭਰ ਲਾਸ਼ਾਂ ਥੀਂ ਭਰਦੀ ਹੈਂ।"

ਮੈਂ ਕਹਿੰਦੀ ਹਾਂ- ਜ਼ਰਾ ਪੁੱਛੋ ਖਾਂ ਉਸ ਬੇ-ਲੱਜ ਭੰਬਟ ਤੋਂ,
ਮੇਰਾ ਜੇ ਜਿਗਰ ਜਲਦਾ ਹੈ ਤਾਂ ਛੇੜਨ ਹੋਰ ਆਉਂਦਾ ਹੈ।
ਉਹ ਖੰਭਾਂ ਦੀ ਹਵਾ ਦੇ ਦੇ ਜਲਾਉਂਦਾ ਹੈ ਸਗੋਂ ਮੈਨੂੰ,
ਜਲਾਉਂਦਾ ਹੈ ਜਦੋਂ ਮੈਨੂੰ, ਸਜ਼ਾ ਕੀਤੇ ਦੀ ਪਾਉਂਦਾ ਹੈ।

ਮੇਰੀ ਅੱਗ ਵਿੱਚ ਜੇ ਕੋਈ ਜਲ ਗਿਐ ਸਿਰ-ਫਿਰਿਆ ਭੰਬਟ ਤਾਂ,
ਮੇਰਾ ਕੀ ਦੋਸ਼ ਹੈ, ਜਦ ਕਿ ਮੈਂ ਉਹਨਾਂ ਨੂੰ ਬੁਲਾਉਂਦੀ ਨਹੀਂ।
ਜਿਵੇਂ ਮੈਨੂੰ ਤੁਸੀਂ ਫੜ੍ਹਕੇ ਸਦਾ ਹੀ ਅੱਗ ਲਾਉਂਦੇ ਹੋ,
ਇਵੇਂ ਮੈਂ ਭੰਬਟਾਂ ਨੂੰ ਆਪ ਤਾਂ ਫੜ੍ਹਕੇ ਜਲਾਉਂਦੀ ਨਹੀਂ।

ਮੈਂ ਸ਼ਮ੍ਹਾ, ਜਲਨ ਦੀ ਖ਼ਾਤਿਰ ਹੀ ਜਨਮੀ ਹਾਂ ਜਹਾਨ ਉੱਤੇ,
ਮੇਰਾ ਜਲਨਾ ਹੀ ਮੇਰੀ ਜ਼ਿੰਦਗੀ ਦਾ ਲਕਸ਼ ਹੁੰਦਾ ਹੈ।
ਇਹ ਮੈਨੂੰ ਮਾਣ ਹੈ ਕਿ ਜੋ ਵੀ ਮੇਰੇ ਰੂ-ਬ-ਰੂ ਹੋਵੇ,
ਉਦ੍ਹੇ ਜੁੱਸੇ ਦਾ ਹਰ ਇਕ ਜਗਮਗਾਉਂਦਾ ਨਕਸ਼ ਹੁੰਦਾ ਹੈ।

ਜਦੋਂ ਦੋ ਦਿਲ ਕਿਤੇ ਮੇਰੀ ਨਜ਼ਰਸਾਨੀ 'ਚ ਮਿਲਦੇ ਨੇ,
ਮੇਰਾ ਜਲਦਾ ਜਿਗਰ ਵੀ ਇੱਕ ਵਾਰੀ ਠਾਰ ਜਾਂਦੇ ਹਨ।
ਮਗਰ ਹਮਦਰਦ ਲੋਅ ਮੇਰੀ ਉਦੋਂ ਗ਼ਸ਼ ਖਾ ਕੇ ਬੁਝ ਜਾਵੇ,
ਜਦੋਂ ਦੋ ਪਿਆਰ-ਭਿੱਜੇ ਦਿਲ ਮੁਹੱਬਤ ਹਾਰ ਜਾਂਦੇ ਹਨ।

ਤੁਸਾਂ ਅਸਮਤ ਅਨੇਕਾਂ ਦੀ ਹੈ ਮੇਰੇ ਰੂ-ਬ-ਰੂ ਲੁੱਟੀ,
ਇਹੋ ਜਿਹੇ ਝੱਖੜਾਂ ਵਿਚ ਵੀ ਮੇਰਾ ਦਮ ਹਾੜਿਆ ਜਾਂਦੈ।
ਜੇ ਹੋਵੇ ਰਾਤ ਮਿਲਣੀ ਦੀ, ਮੇਰਾ ਤਨ ਸੀਖ਼ ਦਿੰਦੇ ਹੋ,
ਕਰੋ ਜੇ ਪਾਠ-ਪੂਜਾ, ਤਾਂ ਮੇਰਾ ਦਿਲ ਸਾੜਿਆ ਜਾਂਦੈ।

ਜਿਦ੍ਹੇ ਰਾਹਾਂ ਨੂੰ ਮੈਂ ਰੁਸ਼ਨਾਉਣ ਖ਼ਾਤਿਰ ਜਲਦੀ ਰਹਿੰਦੀ ਹਾਂ,
ਜਦੋਂ ਮੰਜ਼ਿਲ ਨੂੰ ਪਾ ਲੈਂਦੈ ਤਾਂ ਉਹ ਮੈਨੂੰ ਭੁਲਾ ਦਿੰਦੈ।
ਜਿਦ੍ਹੀ ਮਹਿਫ਼ਿਲ 'ਚ ਸਾਰੀ ਰਾਤ ਮੈਂ ਚਾਨਣ ਲੁਟਾਉਂਦੀ ਹਾਂ,
ਜਦੋਂ ਚਾਨਣ ਜ਼ਰਾ ਹੋ ਜਾਏ, ਉਹ ਮੈਨੂੰ ਬੁਝਾ ਦਿੰਦੈ।

ਅਜੇ ਮੈਂ ਆਖ਼ਿਰੀ ਸਾਹ ਲੈ ਰਹੀ ਹੁੰਦੀ ਹਾਂ ਖਿੱਚ ਖਿੱਚ ਕੇ,
ਕਿ ਮੇਰੇ ਵੇਖਦੇ, ਮਹਿਫ਼ਿਲ ਨੂੰ ਕੋਈ ਹੋਰ ਭਾਅ ਜਾਵੇ।
ਜ਼ਰਾ ਦੱਸੋ ਮੇਰੀ ਬੇ-ਹੁਰਮਤੀ ਨਹੀਂ ਤਾਂ ਭਲਾ ਕੀ ਹੈ,
ਕਿ ਅਰਥੀ ਬਾਹਰ ਨਾ ਨਿਕਲੇ ਤੇ ਡੋਲੀ ਹੋਰ ਆ ਜਾਵੇ।

ਗ਼ਿਲਾ ਕਰ ਲਉ, ਗ਼ਿਲੇ ਦਾ ਮੈਂ ਗ਼ਿਲਾ ਕਰਕੇ ਵੀ ਕੀ ਲੈਣੈਂ,
ਤੁਸਾਂ ਮਰਦਾਂ ਨੇ ਭੰਬਟ ਦਾ ਹੀ ਆਖ਼ਿਰ ਪੂਰਨੈਂ ਪਾਸਾ।
ਤੁਸੀਂ ਵੀ ਫ਼ਿਤਰਤਨ ਮਜਬੂਰ ਹੋ, ਮਜਬੂਰ ਹਾਂ ਮੈਂ ਵੀ,
ਕਿ ਸਾਰੀ ਉਮਰ ਜਲ ਕੇ ਕਿਸ ਤਰ੍ਹਾਂ ਮੈਂ ਬਦਲ ਲਾਂ ਖ਼ਾਸਾ।

ਤੁਸਾਂ ਜੋ ਭੰਬਟਾਂ ਦਾ ਸੀ ਗ਼ਿਲਾ ਕੀਤਾ ਮੇਰੇ ਉੱਤੇ,
ਕਿ ਮੈਂ ਜ਼ਾਲਿਮ, ਜ਼ਫ਼ਾਕਸ਼ ਨੇ ਮਾਸੂਮਾਂ ਨੂੰ ਜਲਾਇਆ ਹੈ।
ਮੈਂ ਆਪਣਾ ਪੱਖ ਕੋਈ ਪੇਸ਼ ਤਾਂ ਕਰਨਾ ਨਹੀਂ ਸੀ ਪਰ
ਜ਼ਰਾ 'ਸੰਧੂ' ਤੁਹਾਡੇ ਝੂਠ ਤੋਂ ਪਰਦਾ ਉਠਾਇਆ ਹੈ।

(3-9-1971)

**(ਜੋਬਨ-ਯਾਦਾਂ -16 )**

## ਭੁੱਲ ਸਕਾਂ ਨਾ ਕਦੀ ਖਿਆਲ ਤੇਰਾ

(ਇਹ ਨਜ਼ਮ 'ਭੁੱਲ ਸਕਾਂ ਨਾ ਕਦੀ ਖ਼ਿਆਲ ਤੇਰਾ' ਤਰਹ-ਮਿਸਰਾ 'ਤੇ ਲਿਖੀ ਗਈ।)

ਚੰਨਾ ਸੁਹਣਿਆਂ, ਚੰਨ ਤੋਂ ਸੁਹਣਿਆਂ ਵੇ, ਰਹੇ ਚਮਕਦਾ ਸਦਾ ਜਲਾਲ ਤੇਰਾ।
ਹੋਰ ਨੈਣਾਂ ਦੇ ਤੀਰਾਂ ਨੂੰ ਤੇਜ਼ ਕਰ ਲੈ, ਹੋਰ ਹੋਊਗਾ ਜ਼ਖ਼ਮੀ ਬੇਹਾਲ ਤੇਰਾ।
ਹੋਰ ਦਿਲਾਂ ਦਾ ਖ਼ੂਨ ਤੂੰ ਚੂਸ ਚੰਨਾ, ਹੋਰ ਹੋਊਗਾ ਮੁੱਖੜਾ ਲਾਲ ਤੇਰਾ।
ਹੋਰ ਡੂੰਘਿਆਂ ਪਾਣੀਆਂ ਵਿਚ ਸੁੱਟੀਂ, ਕਾਮਯਾਬ ਹੈ ਜ਼ੁਲਫ਼ ਦਾ ਜਾਲ ਤੇਰਾ।

ਜਿਹੜਾ ਦੇਖਦੈ, ਦੇਖਦਾ ਰਹਿ ਜਾਂਦੈ,
ਐਸਾ ਦਿੱਸਦੈ ਹੁਸਨ ਕਮਾਲ ਤੇਰਾ।
'ਸੰਧੂ' ਆਪਣੀ ਹੋਸ਼ ਨਾ ਰਹੇ ਭਾਵੇਂ,
ਭੁੱਲ ਸਕਾਂ ਨਾ ਕਦੀ ਖਿਆਲ ਤੇਰਾ।

ਤੇਰੇ ਰੇਸ਼ਮੀ ਕੇਸਾਂ ਦੀ ਕਸਮ ਚੰਨਾ, ਕੇਸ ਚੁੰਮ ਕੇ ਕਿਤੋਂ ਦਾ ਰਿਹਾ ਨਹੀਂ ਮੈਂ।
ਜਿਵੇਂ ਤੈਨੂੰ ਮੈਂ ਆਪਣਾ ਆਖਿਆ ਏ, ਹੋਰ ਕਿਸੇ ਨੂੰ ਕਦੀ ਵੀ ਕਿਹਾ ਨਹੀਂ ਮੈਂ।
ਤੇਰੇ ਲੱਖਾਂ ਹੀ ਸਿਤਮ ਸਹਾਰ ਛੱਡੇ, ਬੋਲ ਕਦੀ ਪਰ ਕਿਸੇ ਦਾ ਸਿਹਾ ਨਹੀਂ ਮੈਂ।
ਕਲੀ-ਕਲੀ 'ਤੇ ਭਟਕਦਾ ਫਿਰਾਂ ਐਵੇਂ, ਕਵੀ ਹੁੰਦਿਆਂ ਵੀ ਕਵੀਆਂ ਜਿਹਾ ਨਹੀਂ ਮੈਂ।

ਬੋਝੇ ਵਿੱਚ ਤੇ ਛਾਤੀ ਦੇ ਨਾਲ ਲੱਗਾ,
ਸ਼ਾਹਦੀ ਭਰਦਾ ਏ 'ਸੰਧੂ' ਰੁਮਾਲ ਤੇਰਾ।
ਤੂੰ ਤਾਂ ਭੁੱਲ ਗਈਓਂ, ਇਹ ਵੀ ਭੁੱਲ ਜਾਂਗਾ,
ਭੁੱਲ ਸਕਾਂ ਨਾ ਕਦੀ ਖ਼ਿਆਲ ਤੇਰਾ।

ਮੇਰੇ ਵਲਵਲੇ ਅਜੇ ਵੀ ਛੇੜਦੀ ਏ, ਤੇਰੇ ਕੂਲਿਆਂ ਕੇਸਾਂ ਦੀ ਛੋਹ ਚੰਨਾ!
ਤੇਰੇ ਅੰਗ ਮਲਾਈਓਂ ਮੁਲਾਇਮ ਕੂਲ਼ੇ, ਯਾਦ ਆਉਂਦੇ ਨੇ, ਪਾਉਂਦੇ ਨੇ ਖੋਹ ਚੰਨਾ!
ਗੱਲਾਂ ਮਿੱਠੀਆਂ ਮਿੱਠੀਆਂ ਮਾਖਿਓਂ ਤੋਂ, ਅੱਜ ਦੂਰ ਮੈਥੋਂ ਸੈਆਂ ਕੋਹ ਚੰਨਾ!
ਕੁਆਰ ਗੰਦਲੇ, ਕੁਆਰੀਏ ਕਿਆਮਤੇ ਨੀ, ਇੰਜ ਹੋਈਦਾ ਨਹੀਂ ਨਿਰਮੋਹ ਚੰਨਾ!

ਮੈਂ ਤਾਂ ਸੋਚਿਆ ਸੀ, ਸਾਰੀ ਉਮਰ 'ਸੰਧੂ',
ਸਾਹ-ਸਾਹ ਦਾ ਬਣੂੰ ਭਿਆਲ ਤੇਰਾ।
ਇਹ ਵੀ ਭੁੱਲ ਸੀ, ਭੁੱਲ 'ਤੇ ਭੁੱਲ ਹੈ ਕਿ,
ਭੁੱਲ ਸਕਾਂ ਨਾ ਕਦੀ ਖ਼ਿਆਲ ਤੇਰਾ।

ਭੋਲੀ-ਭਾਲੀਏ, ਦੱਸੀਂ ਖਾਂ ਭਲਾ ਮੈਨੂੰ, ਕਿਹੜੀ ਭੱਲ ਹੈ ਦਿਲੋਂ ਭੁਲਾ ਦੇਣਾ।
ਪਹਿਲਾਂ ਪਿਆਰ ਜਗਾ ਕੇ ਦਿਲਾਂ ਅੰਦਰ, ਫੇਰ ਪਿਆਰ ਦਾ ਦਰਦ ਜਗਾ ਦੇਣਾ।
ਪਹਿਲਾਂ ਸੀਨੇ ਨੂੰ ਲਾ ਸ਼ਰਸ਼ਾਰ ਕਰਨਾ, ਫੇਰ ਰੋਲ਼ ਕੇ, ਪੈਰੀਂ ਰੁਲ਼ਾ ਦੇਣਾ।
'ਪਿਆਰ ਪੁੰਨ ਹੈ, ਪਿਆਰ ਪਰਮਾਤਮਾ ਹੈ', ਕਹਿਕੇ ਪਿਆਰ ਦੀ ਫੇਰ ਸਜ਼ਾ ਦੇਣਾ।

ਜਬਰ, ਜ਼ੁਲਮ, ਜ਼ਿਆਦਤੀ ਜੱਗ ਕੀਤੀ,
ਨਾਮ ਆ ਗਿਆ ਜੱਗ ਦੇ ਨਾਲ ਤੇਰਾ।
ਤੇਰੀ 'ਦਾਤ' ਕਹਿ ਕੇ 'ਸੰਧੂ' ਭੁੱਲ ਜਾਊਂ,
ਭੁੱਲ ਸਕਾਂ ਨਾ ਕਦੀ ਖ਼ਿਆਲ ਤੇਰਾ।

ਮੈਂ ਤਾਂ ਮਰਿਆ ਸੀ ਤੇਰੇ 'ਤੇ ਸੁਹਣੀਏਂ ਨੀਂ, ਕੀ ਪਤਾ ਸੀ ਮਾਰ ਮੁਕਾਏਂਗੀ ਤੂੰ।
ਖ਼ੈਰ! ਮਰਨ ਪਿੱਛੋਂ, ਮੈਨੂੰ ਮਾਣ ਹੈ ਕਿ, ਮਰੇ ਹੋਏ ਦੀ ਮੜ੍ਹੀ 'ਤੇ ਆਏਂਗੀ ਤੂੰ।
ਸਾਗਰ ਛਲਕਣੇ ਨੇ ਤੇਰੇ ਨੇਤਰਾਂ 'ਚੋਂ, ਵੈਣ ਪਾ ਪਾ ਵਹਿਣ ਵਹਾਏਂਗੀ ਤੂੰ।
ਜਿਹਦੀ ਹਿਜਰ-ਹਨੇਰਿਆਂ ਹੋਸ਼ ਮਾਰੀ, ਉਹਦੀ ਮੜ੍ਹੀ 'ਤੇ ਦੀਵੇ ਜਗਾਏਂਗੀ ਤੂੰ।

ਖਿੱਚੀ ਆਏਂਗੀ ਘਰੋਂ ਡੰਡੌਤ ਕਰਦੀ,
ਸੀਸ ਝੁਕੂਗਾ ਸ਼ਰਧਾ ਦੇ ਨਾਲ ਤੇਰਾ।
ਮੇਰੀ ਓਦੋਂ ਵੀ ਮੜ੍ਹੀ ਆਵਾਜ਼ ਦੇਊ,
"ਸੰਧੂ ਭੁੱਲਿਆ ਨਹੀਂ ਖ਼ਿਆਲ ਤੇਰਾ।"

(6-10-68)

## ਆਸ਼ਿਕ

ਛੱਡ ਉਏ ਕਵੀਆ ਇਸ਼ਕ ਮੁਸ਼ਕ ਨੂੰ, ਇਸ਼ਕ ਇਸ਼ਕ ਕੀ ਕਰਦਾ ਰਹਿੰਨੈਂ!
ਸੋਚਾਂ ਦੇ ਵਿਚ ਡੁੱਬਿਆ ਰਹਿੰਨੈਂ, ਠੰਡੇ ਹਉਕੇ ਭਰਦਾ ਰਹਿੰਨੈਂ।

ਕਦੀ ਕਿਸੇ ਦੇ ਕਿੱਸੇ ਛੇੜੇਂ, ਕਦੀ ਕਿਸੇ ਦੀ ਕਹਾਣੀ ਪਾਉਨੈਂ।
ਕਦੀ ਕਿਸੇ ਸੋਹਣੀ ਦੀ ਫੋਟੋ, ਘੁੱਟ ਘੁੱਟ ਕੇ ਸੀਨੇ ਲਾਉਨੈਂ।

ਮੰਨ ਲਿਆ ਕਿ ਸ਼ਾਇਰ ਹੈਂ ਤੂੰ, ਕਵਿਤਾ ਲਿਖਣਾ ਕੰਮ ਹੈ ਤੇਰਾ।
ਤੇਰੇ ਕਰਕੇ ਕਵਿਤਾ ਹੈ ਤੇ ਕਵਿਤਾ ਕਰਕੇ ਦਮ ਹੈ ਤੇਰਾ।

ਲੇਕਿਨ ਕਵਿਤਾ ਇਹ ਤਾਂ ਨਹੀਂ, ਕਿ ਖ਼ਿਆਲਾਂ ਦੇ ਹੀ ਮਹਿਲ ਉਸਾਰੇਂ।
ਤੂੰ ਜਜ਼ਬਾਤੀ ਜੀਵਨ ਜੀਵੇਂ, ਅਸਲੀਅਤ ਨੂੰ ਮੁੱਢੋਂ ਮਾਰੇਂ।

ਕਿਧਰੇ ਸੱਜਣੀ ਦੇ ਕੇਸਾਂ ਨੂੰ, ਕਾਲ਼ੀ-ਘਟਾ ਪੁਕਾਰੀ ਜਾਨੈਂ।
ਕਾਲ਼ੀ ਰਾਤੋਂ ਤਾਰੇ ਲੈ ਕੇ, ਉਸ ਦੇ ਕੇਸ ਸ਼ਿੰਗਾਰੀ ਜਾਨੈਂ।

ਕਦੀ ਆਖਦੈਂ- ਚੰਦ ਨਾਲੋਂ ਵੀ, ਉਸ ਦਾ ਮੁੱਖੜਾ ਸੋਹਣਾ ਲੱਗਦੈ।
ਡੱਲ ਝੀਲ ਦੇ ਝਿਲਮਿਲ ਪਾਣੀ, ਨਾਲੋਂ ਵੀ ਮਨਮੋਹਣਾ ਲੱਗਦੈ।

ਅੱਖਾਂ ਦਾ ਨੀਲਾਪਣ ਉਸ ਦਾ, ਤੂੰ ਨੀਲਾ ਅਸਮਾਨ ਬਣਾਇਆ।
ਨੈਣੀਂ ਹੰਝੂ ਤੱਕੇ ਕਿਧਰੇ, ਸਾਗਰ ਦਾ ਤੂਫ਼ਾਨ ਬਣਾਇਆ।

ਪਾਤਾਲਾਂ ਤੋਂ ਅਰਸ਼ਾਂ ਤੀਕਣ, ਸਾਰੇ ਨੀਝ ਘੁਮਾ ਆਇਆ ਹੈਂ।
ਲੇਕਿਨ ਤੈਨੂੰ ਧਰਤ ਨਾ ਦਿੱਸੀ, ਕਿੱਥੇ ਹੋਸ਼ ਗੁਆ ਆਇਆ ਹੈਂ ?

ਮੈਂ ਗ਼ੁਸਤਾਖ਼ੀ ਕਰਨੀ ਚਾਹੁੰਨਾਂ, ਦੇ ਦੇ ਜ਼ਰਾ ਇਜਾਜ਼ਤ ਮੈਨੂੰ।
ਆ ਕਵੀਆ! ਤੇਰੀ ਹੀ ਧਰਤੀ ਦੀ ਫੋਟੋ ਦਿਖਲਾਵਾਂ ਤੈਨੂੰ।

ਔਧਰ ਵੇਖੀਂ-

ਔਹ ਤੇਰੀ ਸੱਜਣੀ ਵਰਗੀ ਹੀ, ਆਉਂਦੀ ਊ ਮੁਟਿਆਰ ਹੁਸੀਨਾ।
ਸੁੱਕੇ ਬੁੱਲ੍ਹ ਸਿੱਕਰੀ ਮਾਰੇ, ਚੋ ਚੋ ਪੈਂਦਾ ਪਿਆ ਪਸੀਨਾ।

ਸਿਰ ’ਤੇ ਪੰਡ ਪਾਏ ਤੋਂ ਭਾਰੀ, ਪੈਰ ਡੋਲਦੇ ਥਿੜਕ ਰਹੇ ਨੇ।
ਸਾਰੇ ਦਿਨ ਦੀ ਮਿਹਨਤ ਮਾਰੇ, ਅੰਗ ਨਿਮਾਣੇ ਤਿੜਕ ਰਹੇ ਨੇ।

ਹੱਡ-ਭੰਨਵੀਂ ਮਿਹਨਤ ਦਾ ਵੀ, ਏਨਾ ਇਵਜ਼ ਕਮਾ ਨਹੀਂ ਸਕਦੀ।
ਭਰਨਾ ਪੇਟ ਤਾਂ ਗੱਲ ਦੂਰ ਦੀ, ਭੁੱਖਾ ਪੇਟ ਲੁਕਾ ਨਹੀਂ ਸਕਦੀ।

ਲੀੜੇ ਲੀਰਾਂ-ਲੀਰਾਂ ਹੋਏ, ਲੀਰਾਂ ਲੱਜ ਕੱਜਣੋਂ ਆਰੀ।
ਕਦੀ ਛੁਪਾਵੇ ਛਾਤੀ ਤਾਈਂ, ਕਦੀ ਛੁਪਾਵੇ ਪੇਟ ਵਿਚਾਰੀ।

ਕਦੀ ਪੱਟ ਤੋਂ ਪਾਟੀ ਸੁੱਥਣ, ਪਰਤ ਪਰਤ ਕੇ ਢੱਕੀ ਜਾਵੇ।
ਬਿਨ ਕੱਪੜਿਉਂ ਅੰਗ ਛੁਪਾ ਕੇ, ਜੀਵਨ-ਗੱਡੀ ਧੱਕੀ ਜਾਵੇ।

ਔਹ ਵੇਖੀਂ-
ਔਹ ਵੇਖੀਂ, ਇਕ ਬੁੱਢੀ ਮਾਤਾ, ਤੇਰੀ ਮਾਂ ਜਾਂ ਮੇਰੀ ਮਾਂ ਹੈ।
ਇਹ ਹੈ ਜੱਗ ਦੀ ਜੰਮਣ-ਹਾਰੀ, ਏਸੇ ਦਾ ਹੀ ‘ਔਰਤ’ ਨਾਂ ਹੈ।

ਲੇਕਿਨ ਵੀਰਾ, ਇਸ ਨੂੰ ਬੁੱਢੇ-ਵਾਰੇ ਵੀ ਆਰਾਮ ਨਹੀਂ ਹੈ।
ਠੂਠੇ ਦੇ ਵਿਚ ਆਟਾ ਨਹੀਂ ਹੈ, ਬੋਝੇ ਦੇ ਵਿਚ ਦਾਮ ਨਹੀਂ ਹੈ।

ਹਿੰਮਤ-ਹਾਰੀ, ਉਮਰਾ-ਭੰਨੀ, ਕੰਮ ਤਾਂ ਕੋਈ ਕਰ ਨਹੀਂ ਸਕਦੀ।
ਲੇਕਿਨ ਬੱਚੇ ਵਿਧਵਾ ਨੂੰਹ ਦੇ, ਭੁੱਖੇ ਮਰਦੇ ਜਰ ਨਹੀਂ ਸਕਦੀ।

ਔਹ ਬੁੱਢੀ ਨੂੰ ਠੇਡਾ ਲੱਗਾ, ਡਿੱਗ ਪਈ ਮੂੰਹ-ਭਾਰ ਵਿਚਾਰੀ।
ਪੇਟ ਵਾਸਤੇ ਦਰ-ਦਰ ਫਿਰਦੀ, ਕੀ ਕਰਦੀ ਲਾਚਾਰ ਵਿਚਾਰੀ?

ਨਜ਼ਰ-ਵਿਹੂਣੀ ਠੇਡਾ ਖਾ ਕੇ, ਡਿੱਗ ਪਈ ਪਰ ਚੁੱਕਦਾ ਕਿਹੜਾ?
ਚਲੋ-ਚਲੀ ਦੀ ਚੱਲੇ ਦੁਨੀਆ, ਇਸ ਦੀ ਖ਼ਾਤਿਰ ਰੁਕਦਾ ਕਿਹੜਾ?

ਔਹ ਜਿਹੜੀ ਹੈ ਤੀਵੀਂ ਬੈਠੀ, ਬੱਚੇ ਵੱਟੇ ਮਾਰ ਰਹੇ ਨੇ।
‘ਝੱਲੀ ਝੱਲੀ’ ਕਹਿ ਝੱਲੀ ਨੂੰ, ਝੱਲੇ ਝੱਲ ਖਿਲਾਰ ਰਹੇ ਨੇ।

ਇਹ ਜੋਬਨ ਦੀ ਵਿਧਵਾ, ਇਸ ਨੇ ਅੰਗ ਵੇਚ ਕੇ ਉਮਰ ਲੰਘਾਈ।
ਰੂਪ ਗਿਆ, ਜੋਬਨ ਵੀ ਖੁੱਸਿਆ, ਪਰ ਬੇਤਰਸ ਮੌਤ ਨਾ ਆਈ।

ਔਧਰ ਵੇਖੀਂ, ਵਿਲਕ ਰਿਹਾ ਈ, ਢਿੱਡੋਂ ਭੁੱਖਾ ਬਾਲ ਕਿਸੇ ਦਾ।
ਬਿਨਾਂ ਦਵਾਈਓਂ ਔਹ ਮਰਿਆ ਈ, ਨੰਨਾ-ਮੁੰਨਾ ਲਾਲ ਕਿਸੇ ਦਾ।

ਏਨਾ ਹੀ ਨਹੀਂ, ਆ ਧਰਤੀ ’ਤੇ, ਧਰਤੀ ਵਾਲੇ ਹੋਰ ਵਿਖਾਵਾਂ।
ਧਰਤੀ ਖ਼ਾਤਿਰ, ਧਰਮਾਂ ਖ਼ਾਤਿਰ, ਲੜਦੇ ਜ਼ੋਰੋ-ਜ਼ੋਰ ਵਿਖਾਵਾਂ।

ਔਹ ਧਰਮਾਂ ਦੇ ਨਾਂ ’ਤੇ ਮਿੱਤਰਾ, ਪੀਲੇ ਸੂਹੇ ਝੰਡੇ ਉੱਠੇ।
ਔਹ ਦੋਹਾਂ ’ਤੇ ਗੋਲੀ ਚੱਲੀ, ਕਰ ਦਿੱਤੇ ਦੋਵੇਂ ਹੀ ਪੁੱਠੇ।

ਔਹ ਕਾਲਜ ਦੇ ਛੋਕਰਿਆਂ ਨੇ, ਇੱਕ ਕੁੜੀ ਦੀ ਚੁੰਨੀ ਖਿੱਚੀ।
ਔਹ ਚੰਦੂ ਨੇ ਵੀਰ ਸਿੰਘ ਦੀ, ਵੱਢੀ ਮਾਰ ਗੰਡਾਸਾ ਗਿੱਚੀ।

ਲਾਭ ਸਿਹੁੰ ਨੇ ਲਾਲ ਚੰਦ ਦੇ, ਟਕੂਆ ਸਿਰ ਦੇ ਵਿੱਚ ਟਿਕਾਇਆ।
ਔਹ ਲਾਰੀ ਨੂੰ ਲਾਂਬੂ ਲੱਗਾ, ਸੜੇ ਪਿਆ ਸਾਂਝਾ ਸਰਮਾਇਆ।

ਏਧਰ ਅੱਤ ਗਰੀਬੀ, ਓਧਰ ਜਾਏਦਾਦਾਂ ਸਾੜੀ ਜਾਵਣ।
ਇਹ ਬਾਗਾਂ ਦੇ ਝੱਲੇ ਮਾਲੀ, ਆਪੇ ਬਾਗ ਉਜਾੜੀ ਜਾਵਣ।

ਕਲਯੁਗ ਦੇ ਵਿਚ ਬਣ ਗਏ ਕਵੀਆ! ਕਲਯੁਗ ਦੇ ਅਨਕੂਲ ਪੁਜਾਰੀ।
ਵੰਡ ਰਹੇ ਪਰਸ਼ਾਦ ਸਮਝ ਕੇ, ਕਿਰਪਾਨਾਂ ਤਿਰਸ਼ੂਲ ਪੁਜਾਰੀ।

ਔਹ ਮੰਦਰੋਂ ਤਿਰਸ਼ੂਲ ਲਿਆ ਕੇ, ਸਿੱਖਾਂ ਨੂੰ ਲਲਕਾਰੇ ਹਿੰਦੂ।
ਔਹ ਲਾਰੀ 'ਚੋਂ ਖਿੱਚ-ਖਿੱਚ ਕੇ, ਦਹਿਸ਼ਤ-ਮੰਦਾਂ ਮਾਰੇ ਹਿੰਦੂ।

ਔਹ ਅਖ਼ਬਾਰ ਨੂੰ ਸੁਰਖ਼ੀ ਮਿਲ ਗਈ, ਉਸ ਨੇ ਘੜ ਕੇ ਖ਼ਬਰ ਲਗਾਈ।
ਅੱਗ ਲਾ ਕੇ ਡੱਬੂ ਰੂੜੀ 'ਤੇ, ਲੜ-ਲੜ ਮਰ ਗਏ ਭਾਈ-ਭਾਈ।

ਔਧਰ ਕਾਰ 'ਚ ਬੰਬ ਰੱਖਦਾ, ਉੱਡ ਗਿਆ ਜੇ ਆਪੇ ਕੋਈ।
ਕਿੰਨੇ ਨਾਲ ਬੇਦੋਸ਼ੇ ਉੱਡੇ, ਇਹ ਕਿਸ ਧਰਮ ਦੀ ਸੇਵਾ ਹੋਈ ?

ਘਰੋਂ ਉਠਾ ਕੇ ਮੁੰਡਿਆਂ ਤਾਈਂ, ਔਹ ਫੜ੍ਹ ਕੇ ਲੈ ਗਏ ਸਿਪਾਹੀ।
'ਸ਼ਾਮ ਨੂੰ ਏਥੇ ਈ ਛੱਡ ਜਾਵਾਂਗੇ', ਜਾਣ ਸਮੇਂ ਕਹਿ ਗਏ ਸਿਪਾਹੀ।

'ਘੁੱਸ-ਪੈਠੀਏ' ਕਹਿ ਇਹਨਾਂ ਨੂੰ, ਸਰਹੱਦਾਂ 'ਤੇ ਭੁੰਨ ਦੇਣਗੇ।
ਜਾਂ ਜੇਲ੍ਹਾਂ ਵਿਚ ਬੂਟਾਂ ਹੇਠਾਂ, ਆਟੇ ਵਾਂਗੂੰ, ਗੁੰਨ੍ਹ ਦੇਣਗੇ।

ਇਹ ਘਟਨਾ ਨਿਤ ਵਾਪਰਦੀ ਹੈ, ਇਕ-ਅੱਧੀ ਘਟਨਾ ਨਾ ਜਾਣੀ।
ਇੱਕ ਤੰਦ ਦੀ ਗੱਲ ਨਾ ਸਮਝੀਂ, ਮਿੱਤਰਾ ਉਲਝ ਗਈ ਊ ਤਾਣੀ।

ਇਸ ਵੇਲੇ ਵੇਲਾ ਹੈ ਕਵੀਆ! ਲੋਕ-ਦਿਲਾਂ ਵਿਚ ਜੋਤ ਜਗਾ ਦੇ!
ਇਸ ਵੇਲੇ ਕੀ ਕਰਨਾ ਬਣਦੈ, ਸਭਨਾਂ ਨੂੰ ਸਜਣਾ ਸਮਝਾ ਦੇ!

ਸੁਣਿਐਂ ਕਵੀਆ! ਤੇਰੀ ਬੋਲੀ, ਸਭ ਦੇ ਦਿਲ ਨੂੰ ਪੋਹ ਜਾਂਦੀ ਏ।
ਮਿੱਠੀ ਦਿਲ ਨੂੰ ਮੋਹ ਜਾਂਦੀ ਏ, ਕੌੜੀ ਵੀ ਸਹਿ ਹੋ ਜਾਂਦੀ ਏ।

ਤਾਂ ਹੀ ਕਹਿੰਨਾਂ- ਛਡ ਦੇ ਹੁਣ ਤੂੰ, ਇਸ਼ਕ-ਮੁਸ਼ਕ ਦੀ ਗੱਲ ਪੁਰਾਣੀ।
ਲਿਖ ਦੇ ਦੁਖੀਆਂ ਦੇ ਦੁੱਖਾਂ ਦੀ, ਦਰਦ-ਭਰੀ ਕੋਈ ਦਰਦ-ਕਹਾਣੀ।

ਜੰਤਾ ਦੀ ਦੇਵੀ ਦਾ ਅੜਿਆ, 'ਸੰਧੂ ਵੀਰ' ਉਪਾਸ਼ਕ ਬਣ ਜਾ!
ਇਹ ਦੁਨੀਆਂ ਮਾਸ਼ੂਕ ਬਣਾ ਲੈ, ਤੂੰ ਦੁਨੀਆ ਦਾ ਆਸ਼ਿਕ ਬਣ ਜਾ!

(1990)

## ਉਸ ਰੁੱਤੇ, ਉਸ ਮੌਸਮ

ਉਸ ਰੁੱਤੇ ਜਦ ਮੇਰੀਆਂ ਮਹਿਕਾਂ ਖਿੜੀਆਂ ਸੀ,
ਉਸ ਰੁੱਤੇ ਜਦ ਮੇਰੇ ਫੁੱਲ ਮੁਸਕਾਏ ਸਨ।
ਉਸ ਰੁੱਤੇ ਜਦ ਮੇਰੀ ਭਰੀ-ਜਵਾਨੀ ਸੀ,
ਉਸ ਰੁੱਤੇ ਜਦ ਨੈਣ ਮੇਰੇ ਨਸ਼ਿਆਏ ਸਨ।
ਉਸ ਰੁੱਤੇ ਜਦ ਪੌਣ ਪੁਰੇ ਦੀ ਵਗਦੀ ਸੀ,
ਉਸ ਰੁੱਤੇ ਉਹ ਸੋਹਣੇ ਸੱਜਣ ਆਏ ਸਨ।

ਉਸ ਮੌਸਮ ਵਿਚ ਅੰਬਾਂ ਉੱਤੇ ਕੋਇਲਾਂ ਸਨ,
ਉਸ ਮੌਸਮ ਵਿਚ ਰਸੇ-ਰਸੀਲੇ ਜਾਮਨ ਸੀ।
ਉਸ ਮੌਸਮ ਵਿਚ ਜ਼ੁਲਫ਼ਾਂ ਵਰਗੇ ਬੱਦਲ ਸਨ,
ਉਸ ਮੌਸਮ ਵਿਚ ਨਜ਼ਰਾਂ ਵਰਗੀ ਦਾਮਨ ਸੀ।
ਉਸ ਮੌਸਮ ਵਿਚ ਧੜਕਣ ਸੀ, ਅੰਗੜਾਈਆਂ ਸਨ,
ਉਸ ਮੌਸਮ ਵਿਚ ਕਾਮ-ਗਲੇਫੀ ਕਾਮਨ ਸੀ।

ਓਸ ਬਹਾਰੇ ਕਿਣਮਿਣ-ਕਿਣਮਿਣ ਹੁੰਦੀ ਸੀ,
ਓਸ ਬਹਾਰੇ ਅਧ-ਭਿੱਜੀ ਤੇ ਸਿੱਲ੍ਹੀ ਜਿਹੀ।
ਕੇਸਾਂ ਦੇ ਵਿਚ ਕਣੀਆਂ ਦੇ ਮੋਤੀ ਲੈ ਕੇ,
ਆਈ ਸੀ ਉਹ ਧੋਤੀ, ਨਿਖਰੀ, ਗਿੱਲੀ ਜਿਹੀ।
ਮੇਰੀਆਂ ਲਗਰਾਂ ਉਸ ਦਾ ਮੁੱਖੜਾ ਚੁੰਮ ਲਿਆ,
ਮੇਰਿਆਂ ਪੱਤਿਆਂ ਨੇ ਪਾ ਦਿੱਤੀ ਖਿੱਲੀ ਜਿਹੀ।

ਉਹ ਥੋੜ੍ਹਾ ਮੁਸਕਾਈ, ਕੁਝ ਘਬਰਾਈ ਸੀ,
ਕਿਉਂਕਿ ਮੇਰੇ ਕੋਲ ਉਹ 'ਕੱਲ੍ਹੀ ਆਈ ਸੀ।
ਮੇਰੀਆਂ ਲਗਰਾਂ ਨੇ ਉਸ ਦਾ ਲੱਕ ਮਿਣਿਆਂ ਸੀ,
ਮੇਰੀਆਂ ਬਾਹਾਂ ਉਸ ਨੂੰ ਜੱਫੀ ਪਾਈ ਸੀ।
ਮੇਰੀਆਂ ਮਹਿਕਾਂ ਨੇ ਸੀ ਉਸ ਨੂੰ ਘੇਰ ਲਿਆ,
ਮੇਰੇ ਸਾਹਾਂ ਉਸ ਦੀ ਮਹਿਕ ਚੁਰਾਈ ਸੀ।

(ਜੋਬਨ-ਯਾਦਾਂ -22)

ਉਸ ਨੇ ਅੰਗੜਾਈ ਲੈ ਬਾਹਾਂ ਚੁੱਕੀਆਂ ਸਨ,
ਉਸ ਨੇ ਮੇਰੇ ਟਾਹਣਾਂ ਨੂੰ ਛੂਹ ਲੀਤਾ ਸੀ।
ਉਸ ਨੇ ਮੇਰੇ ਪ੍ਰਾਂਬਲ ਜੱਫੀ ਲੈ ਲੀਤੇ,
ਮੈਂ ਉਸ ਦੀ ਠੋਡੀ ਦਾ ਪਾਣੀ ਪੀਤਾ ਸੀ।
ਮੈਂ ਉਸ ਨੂੰ ਫੁੱਲਾਂ ਦੀ ਝੋਲੀ ਭਰ ਦਿੱਤੀ,
ਉਸ ਨੇ ਮੈਨੂੰ ਪਿਆਰ ਬੜਾ ਹੀ ਕੀਤਾ ਸੀ।

ਉਸ ਮੌਸਮ ਦੇ ਬੱਦਲਾਂ ਦਾ ਭਰਵਾਸਾ ਕੀ,
ਅਹਿ ਆਏ, ਅਹਿ ਬਰਸੇ, ਅਹਿ ਲਉ ਲੰਘ ਗਏ।
ਕਣੀਆਂ ਬਣੀਆਂ ਭੂਰ, ਭੂਰ ਦੇ ਵਿਚ ਭਿੱਜਦੇ,
ਔਹ ਝੰਗਾਂ ਦੇ ਵਾਲੀ, ਅਪਣੇ ਝੰਗ ਗਏ।
ਮੇਰੀਆਂ ਕਲ਼ੀਆਂ ਦੇ ਮੂੰਹ ਖੁੱਲ੍ਹੇ ਰੋਕਣ ਨੂੰ,
ਕਹਿੰਦੇ ਕਹਿੰਦੇ ਕਹਿਣੋਂ ਪਹਿਲਾਂ ਸੰਗ ਗਏ।

ਓਸ ਰੁੱਤ ਤੋਂ ਮਗਰੋਂ ਰੁੱਤਾਂ ਆਈਆਂ ਵੀ,
ਓਸ ਰੁੱਤ ਤੋਂ ਮਗਰੋਂ ਰੁੱਤਾਂ ਗਈਆਂ ਵੀ।
ਓਸ ਰੁੱਤ ਤੋਂ ਮਗਰੋਂ ਬੱਦਲ ਬਰਸੇ ਵੀ,
ਓਸ ਰੁੱਤ ਤੋਂ ਮਗਰੋਂ ਕਣੀਆਂ ਪਈਆਂ ਵੀ।
ਓਸ ਰੁੱਤ ਤੋਂ ਮਗਰੋਂ ਮਹਿਕਾਂ ਨਹੀਂ ਮੁੜੀਆਂ,
ਓਸ ਰੁੱਤ ਤੋਂ ਮਗਰੋਂ ਕਲ਼ੀਆਂ ਰਹੀਆਂ ਵੀ।

ਉਸ ਮੌਸਮ ਦੀ ਯਾਦ 'ਚ ਫੁੱਲ ਸੁਕਾ ਬੈਠਾਂ,
ਉਸ ਮੌਸਮ ਦੀ ਯਾਦ 'ਚ ਪੱਤੇ ਝੜ ਗਏ ਨੇ।
ਉਸ ਮੌਸਮ ਦੀ ਯਾਦ 'ਚ ਹੱਡੀਆਂ ਹੋਇਆ ਹਾਂ,
ਉਸ ਮੌਸਮ ਦੀ ਯਾਦ 'ਚ ਢੀਂਗਰ ਸੜ ਗਏ ਨੇ।
ਉਸ ਮੌਸਮ ਦੀ ਯਾਦ ਨੂੰ ਨਾਗਣ ਡੱਸ ਗਈ,
ਉਸ ਮੌਸਮ ਦੀ ਯਾਦ ਦੇ ਬਿੱਛੂ ਲੜ ਗਏ ਨੇ।

ਫਿਰ ਕਈ ਰੁੱਤਾਂ ਲੰਘਣ ਪਿੱਛੋਂ ਇਕ ਸੁਬਾਹ,
ਫਿਰ ਉਹ ਮਹਿਕਾਂ ਵਾਲੀ ਰਾਣੀ ਦਿੱਸ ਪਈ।
ਫਿਰ ਕਈ ਰੁੱਤਾਂ ਲੰਘਣ ਪਿੱਛੋਂ ਚੀਸ-ਭਰੀ,
ਮੇਰੇ ਦਿਲ ਦੀ ਸਾਰੀ ਵੇਦਨ ਫਿੱਸ ਪਈ।
ਫਿਰ ਕਈ ਰੁੱਤਾਂ ਲੰਘਣ ਪਿੱਛੋਂ ਪਥਰਾਈ,
ਮੇਰੀਆਂ ਸਧਰਾਂ, ਚਾਹਾਂ ਦੀ ਅੱਖ ਰਿੱਸ ਪਈ।
ਇਸ ਰੁੱਤੇ ਪਰ ਹੋਰ ਓਸ ਦਾ ਸਾਥੀ ਸੀ,
ਇਸ ਰੁੱਤੇ ਉਹ ਹੋਰ ਕਿਸੇ ਨੂੰ ਰੰਗ ਗਈ।
ਇਸ ਰੁੱਤੇ ਮੈਂ ਹੋਂਦ ਓਸ ਦੀ ਲੱਭਦਾ ਸੀ,
ਇਸ ਰੁੱਤੇ ਪਰ ਹੋਂਦ ਓਸ ਦੀ ਡੰਗ ਗਈ।
"ਇਸ ਰੁੱਤੇ ਮੈਂ ਇਸ ਦੇ ਫੁੱਲ ਤਰੋੜੇ ਸਨ",
ਏਨਾ ਕਹਿ ਕੇ ਉਹ ਕੋਲੋਂ ਦੀ ਲੰਘ ਗਈ।

ਕਿਸ ਪੁੱਛਣਾ ਸੀ ਹਾਲ ਮੇਰਾ ਉਸ ਵੇਲੇ ਦਾ,
ਕਿਸ ਸੁਣਨਾਂ ਸੀ ਮੇਰੇ ਦਿਲ ਦੀਆਂ ਧਾਹਾਂ ਨੂੰ।
ਕਿਸ ਮੇਰੇ ਅਰਮਾਨ ਦਿਲੇ ਦੇ ਤੱਕਣੇ ਸਨ,
ਕਿਸ ਤੱਕਣਾਂ ਸੀ ਮੇਰੇ ਦਿਲ ਦੀਆਂ ਚਾਹਾਂ ਨੂੰ।
ਕਿਸ ਮੇਰੀ ਹਿੱਕ ਸੜਦੀ ਠੰਡੀ ਕਰਨੀ ਸੀ,
ਕਿਸ ਦੇਣਾ ਸੀ ਸੇਕ ਮੇਰਿਆਂ ਸਾਹਾਂ ਨੂੰ।

ਉਸ ਰੁੱਤੇ ਹੀ ਮੇਰੇ ਜਜ਼ਬੇ ਝੁਲਸ ਗਏ।
ਜਿਹੜੀ ਰੁੱਤੇ ਮੇਰੇ ਫੁੱਲ ਮੁਸਕਾਏ ਸਨ।
ਉਸ ਰੁੱਤੇ ਹੀ ਮੇਰੀ ਅੱਖ ਭਰ ਆਉਂਦੀ ਏ,
ਜਿਹੜੀ ਰੁੱਤੇ ਨੈਣ ਮੇਰੇ ਨਸ਼ਿਆਏ ਸਨ।
ਉਸ ਰੁੱਤੇ ਬਸ ਯਾਦ ਉਨ੍ਹਾਂ ਦੀ ਹੀ ਸਾਥਣ ਹੈ,
ਜਿਹੜੀ ਰੁੱਤੇ ਸੁਹਣੇ ਸੱਜਣ ਆਏ ਸਨ।

(1968)

## ਸਵਾਗਤ

ਆਉ ਸਾਡੇ ਸੱਜਣ ਜੀ
ਰਾਹਾਂ ਨੂੰ ਸੁਹਾਣਾ ਕਰੋ, ਰਾਹਾਂ ਵਿਚ ਨੈਣ ਮੈਂ ਵਿਛਾਵਾਂ।
ਆਉ ਭਾਗਾਂ ਵਾਲਿਓ ਵੇ
ਭਾਗ ਲਾਉ ਆਂਗਣੇ ਨੂੰ, ਮੈਂ ਵੀ ਭਾਗਵਾਨ ਬਣ ਜਾਵਾਂ।
ਆਉ ਵੇ ਬਿਰਾਜੋ ਸਾਡੀ
ਪਲਕਾਂ ਦੀ ਸੇਜ ਉੱਤੇ, ਪਲਕਾਂ ਦੀ ਸੇਜ ਮੈਂ ਵਿਛਾਵਾਂ।
ਆਉ ਪੀਉ ਪੀਉ ਸਾਡੇ
ਪਿਆਰ ਦਾ ਗੁਲਾਬ-ਰਸ, ਪ੍ਰੀਤ ਦੀ ਕਟੋਰੀ 'ਚੋਂ ਪਿਲਾਵਾਂ।
ਆਉ ਸਾਡੇ ਦਿਲਾਂ ਵਾਲੀ
ਥਾਲੀ ਵਿੱਚੋਂ ਚੂਰੀ ਖਾਉ, ਪੱਖਾ ਝੱਲ ਝੱਲ ਕੇ ਖੁਆਵਾਂ।
ਆਉ ਵੇ ਆਰਾਮ ਕਰੋ
ਚੰਨ ਦਾ ਸਿਰ੍ਹਾਣਾ ਲੈ ਕੇ, ਚਾਨਣੀ ਦੀ ਸੇਜ ਮੈਂ ਵਿਛਾਵਾਂ।

ਸੱਜਣ ਤਾਂ ਸਾਡੇ ਸੁਹਣੇ
ਛੈਲ-ਛਬੀਲੇ, ਸਾਡੇ ਸੱਜਣਾਂ ਦੀ ਰੀਸ ਨਹੀਉਂ ਕੋਈ।
ਸੱਜਣਾਂ ਦੇ ਮੁੱਖੜੇ 'ਤੇ
ਚਾਨਣੀ ਦਾ ਬਾਲ ਖੇਡੇ, ਸੱਜਣਾਂ ਦੇ ਸਾਹੀਂ ਖ਼ੁਸ਼ਬੋਈ।
ਸੱਜਣਾਂ ਦੇ ਨੈਣ, ਜਿਵੇਂ
ਪ੍ਰੀਤ ਦੀ ਸ਼ਰਾਬ ਵਾਲੀ, ਮੰਹੋਂ-ਮੂੰਹ ਕਟੋਰੀ ਭਰੀ ਹੋਈ।
ਸੱਜਣਾਂ ਦੇ ਬੁੱਲ੍ਹਾਂ ਵਿੱਚੋਂ
ਮਿੱਠੀ ਜਿਹੀ ਸੁਗੰਧੀ ਵਾਲਾ, ਕਿਰਦਾ ਏ ਫੁੱਲ ਕੋਈ ਕੋਈ।
ਸੱਜਣਾਂ ਦੇ ਅੰਗ, ਜਿਵੇਂ
ਚੰਦਨ ਦਾ ਰੁੱਖ ਸੁਹਣਾ, ਭਿੰਨੀ ਭਿੰਨੀ ਦੇਵੇ ਖ਼ੁਸ਼ਬੋਈ।
ਸੱਜਣਾਂ ਦੀ ਕਿਹੜੀ ਕਿਹੜੀ
ਚੀਜ਼ ਨੂੰ ਨਿਹਾਰਾਂ, ਮੈਨੂੰ ਦੱਸਿਉ ਵੇ, ਕਰਾਂ ਅਰਜ਼ੋਈ।

ਆਵੋ ਨੀ ਆਵੋ, ਸਾਡਾ
ਮਾਹੀ ਵੇਖੋ ਸਖੀਉ ਨੀ, ਚੰਨ ਜੇ ਜ਼ਮੀਨ ਉੱਤੇ ਆਇਆ।
ਸੁਹਣੇ ਸੁਹਣੇ ਮੁੱਖੜੇ 'ਤੇ ਨੂਰ
ਜਿਵੇਂ ਸੂਰਜੇ ਨੂੰ, ਕਿਰਨਾਂ ਨੇ ਘੇਰਾ ਹੋਵੇ ਪਾਇਆ।
ਰੰਗ ਸਾਡੇ ਚੰਨ ਜੀ ਦਾ
ਪੁੰਨਿਆਂ ਦੀ ਚਾਨਣੀ 'ਚ, ਮੈਦੇ 'ਚ ਸੰਧੂਰ ਨੀ ਰਲਾਇਆ।

ਨੈਣ ਨਸ਼ਿਆਏ, ਜਿਵੇਂ
ਮਿਰਗਾਂ ਦੀ ਡਾਰ ਕੋਲੋਂ, ਹੁਣੇ ਤੇ ਚੁਰਾ ਕੇ ਨੀ ਲਿਆਇਆ।
ਸੂਹੇ-ਸੂਹੇ ਬੱਲ੍ਹਾਂ ਉੱਤੇ
ਸੁੱਚੀ ਮੁਸਕਾਨ, ਜਿਵੇਂ ਝੀਲ ਵਿਚ ਚਾਂਦਨੀ ਦਾ ਸਾਇਆ।
ਹੱਸਿਆ, ਤਾਂ ਲੱਗਿਆ ਨੀ
ਕਿਸੇ ਵਣਜਾਰੇ, ਹਾਰ ਮੋਤੀਆਂ ਦਾ ਕੱਢ ਕੇ ਵਿਖਾਇਆ।

ਆਉ ਖਾਂ ਸਹੇਲੀਉ ਨੀਂ
ਮੱਖਣਾਂ ਦੇ ਪੇਟੇ ਹੱਥੀਂ, ਸ਼ਗਣਾਂ ਦੀ ਮਹਿੰਦੀ ਚਾ ਲਗਾਈਏ।
ਆਉ ਖਾਂ ਸਹੇਲੀਉ ਨੀਂ
ਨਸ਼ੇ ਦੇ ਕਟੋਰੇ-ਨੈਣੀਂ, ਪ੍ਰੀਤ ਦੀ ਸਲਾਈ ਕੋਈ ਪਾਈਏ।
ਆਉ ਖਾਂ ਸਹੇਲੀਉ ਨੀਂ
ਚਾਨਣੀ ਦੇ ਮੁੱਖੜੇ ਤੇ, ਮਹਿਕਾਂ ਵਾਲੀ ਛਿੱਟ ਸੁੱਟ ਜਾਈਏ।
ਆਉ ਖਾਂ ਸਹੇਲੀਉ ਨੀਂ
ਕਲ਼ੇ-ਕੂਲ਼ੇ ਪੈਰਾਂ ਹੇਠਾਂ, ਤਲੀ ਦੇ ਗਲੀਚੜੇ ਵਿਛਾਈਏ।
ਆਉ ਖਾਂ ਸਹੇਲੀਉ ਨੀਂ
ਤੇਲ ਚੋ ਕੇ ਸਧਰਾਂ ਦਾ, ਚੰਨ ਜੀ ਨੂੰ ਅੰਦਰ ਲੰਘਾਈਏ।
ਆਉ ਖਾਂ ਸਹੇਲੀਉ ਨੀਂ
ਮਹਿਕਾਂ ਭਰੇ ਸਾਹਾਂ ਵਿੱਚੋਂ, ਥੋੜ੍ਹੀ ਜਿੰਨੀ ਮਹਿਕ ਚੁਰਾਈਏ।

ਲੋਕੋ ਵੇ ਲੋਕੋ ਵੇਖੋ
ਹਾੜ ਦੀਆਂ ਧੁੱਪਾਂ ਵਿਚ, ਸਾਡੇ ਵਿਹੜੇ ਚੇਤ-ਰੁੱਤ ਆਈ।
ਆਸਾਂ ਵਾਲੇ ਫੁੱਲਾਂ ਅੱਜ
ਛੱਡੀਆਂ ਨੇ ਮਹਿਕਾਂ, ਪਈ ਸੱਜਣਾਂ ਦੀ ਜਦੋਂ ਪਰਛਾਈ।
ਕੀੜੀਆਂ ਦੇ ਘਰੀਂ
ਭਗਵਾਨ ਅੱਜ ਉੱਤਰੇ ਨੇ, ਧੂੜ ਮੈਂ ਉਨ੍ਹਾਂ ਦੀ ਮੱਥੇ ਲਾਈ।
ਅੱਜ ਤਾਂ ਸੁਹਾਵਣਾ ਹੈ
ਜਾਪਦੈ ਜ਼ਮਾਨਾ ਸਾਰਾ, ਬਾਗੋ-ਬਾਗ ਜਾਪਦੀ ਲੋਕਾਈ।
ਸੱਧਰਾਂ ਅਸਾਡੀਆਂ ਨੇ
ਅੱਖ ਹੈ ਉਘੇੜੀ, ਸਾਡੇ ਚਾਵਾਂ ਅੱਜ ਲਈ ਅੰਗੜਾਈ।
ਅੱਜ ਸਾਡੇ ਮਾਣ ਨਾਲ
ਉੱਚੇ ਉੱਚੇ ਸਿਰ ਹੋਏ, ਨੀਵੀਂ ਨੀਵੀਂ ਜਾਪਦੀ ਖ਼ੁਦਾਈ।

ਆਉ ਸਾਡੇ ਸੱਜਣ ਜੀ
ਰਾਹਾਂ ਨੂੰ ਸੁਹਾਣਾ ਕਰੋ, ਰਾਹਾਂ ਵਿਚ ਨੈਣ ਮੈਂ ਵਿਛਾਵਾਂ।
ਆਉ ਭਾਗਾਂ ਵਾਲਿਉ ਵੇ
ਭਾਗ ਲਾਉ ਆਂਗਣੇ ਨੂੰ, ਮੈਂ ਵੀ ਭਾਗਵਾਨ ਬਣ ਜਾਵਾਂ।

(30-5-69)

## ਫੋਟੋ

ਆ ਯਾਰਾ ਅੱਜ ਅਪਣੀ ਐਲਬਮ, ਤੈਨੂੰ ਫੋਲ ਵਿਖਾਵਾਂ ਸਾਰੀ।
ਅੱਜ ਹਕੀਕਤ ਸ਼ਿਅਰਾਂ ਦੀ ਮੈਂ, ਤੈਨੂੰ ਖੋਲ੍ਹ ਸੁਣਾਵਾਂ ਸਾਰੀ।

ਇਹ ਮੇਰੀ ਮਾਤਾ ਦੀ ਫੋਟੋ, ਇਹ ਬਾਪੂ, ਇਹ ਭੈਣਾਂ-ਭਾਈ।
ਇਹ ਮੇਰੇ ਵੱਡੇ ਜੀਜਾ ਜੀ, ਇਹ ਮੇਰੀ ਛੋਟੀ ਭਰਜਾਈ।

ਇਹ ਫੋਟੋ, ਇਹ ਮੇਰੀ ਸਾਥਣ, ਮੇਰੇ ਨਾਲ ਪੜ੍ਹਾਉਂਦੀ ਸੀ ਇਹ।
ਜਿੰਨੀ ਸੋਹਣੀ ਲੱਗਦੀ ਏ ਨਾ, ਓਨਾ ਈ ਸੋਹਣਾ ਗਾਉਂਦੀ ਸੀ ਇਹ।

ਇਸ ਫੋਟੋ ਵਿਚ ਮੇਰਾ ਦੋਸਤ, ਮੈਨੂੰ ਕੋਲ ਬਿਠਾਈ ਬੈਠੈ।
ਸੱਚ ਐਕਟਰਾਂ ਵਾਂਗੂੰ ਲੱਗਦੈ, ਕੇਵੇਂ ਪੋਜ਼ ਬਣਾਈ ਬੈਠੈ।

ਇਸ ਫੋਟੋ ਦੇ ਬਾਰੇ ਤਾਂ ਮੈਂ, ਗੱਲਾਂ ਕਈ ਸੁਣਾ ਚੁੱਕਿਆ ਹਾਂ।
ਇਹ ਫੋਟੋ ਵੀ, ਯਾਦ ਏ ਤੈਨੂੰ, ਪਹਿਲਾਂ ਸ਼ਾਇਦ ਵਿਖਾ ਚੁੱਕਿਆ ਹਾਂ।

ਇਸ ਫੋਟੋ ਵਿਚ ਮੇਰੀ ਸੱਜਣੀ, ਸੋਚਾਂ ਦੇ ਵਿਚ ਖੁੱਭੀ ਪਈ ਏ।
ਮੈਨੂੰ ਲੱਗਦੈ ਜੀਕਣ ਮੇਰੇ, ਖ਼ਿਆਲਾਂ ਦੇ ਵਿਚ ਡੁੱਬੀ ਪਈ ਏ।

ਕੌਣ ਕਿਸੇ ਦੇ ਖ਼ਿਆਲੀਂ ਡੁੱਬਦੈ, ਕੌਣ ਕਿਸੇ ਦੀਆਂ ਸੋਚਾਂ ਸੋਚੇ।
ਇਹ ਤਾਂ ਐਵੇਂ ਭਰਮ ਦਿਲਾਂ ਦੇ, ਇਹ ਤਾਂ ਐਵੇਂ ਝੂਠੇ ਪੋਚੇ।

ਹਾਂ- ਇਹ ਫੋਟੋ, ਮੈਨੂੰ ਜਾਪੇ ਇਹ ਹੈ ਹਿੰਦੋਸਤਾਨ ਦੀ ਫੋਟੋ।
ਜਿੱਥੇ ਹਰ ਸ਼ੈਅ ਮਿਲ ਜਾਂਦੀ ਏ, ਇਹ ਹੈ ਉਸ ਅਸਥਾਨ ਦੀ ਫੋਟੋ।

ਇਸ ਵੱਡੇ ਵਿਹੜੇ ਦੇ ਅੰਦਰ, ਲੱਖ ਬੋਰੀਆਂ ਧਰੀਆਂ ਪਈਆਂ।
ਕਣਕ, ਮਕੱਈਆਂ, ਦਾਲਾਂ, ਛੋਲੇ, ਬਾਸਮਤੀ ਦੀਆਂ ਭਰੀਆਂ ਪਈਆਂ।

ਔਹ, ਗੱਡਿਆਂ ਦੇ ਗੱਡੇ ਵੇਖੋ, ਬੰਨ੍ਹ ਕਤਾਰਾਂ ਆਉਂਦੇ ਜਾਂਦੇ।
ਟੱਲੀਆਂ ਖੜਕਣ, ਘੁੰਗਰੂ ਛਣਕਣ, ਰੌਣਕ ਹੋਰ ਵਧਾਉਂਦੇ ਜਾਂਦੇ।

ਏਸ ਭਰੀ ਮੰਡੀ ਵਿੱਚ, ਜਿੱਥੇ ਲੱਖਾਂ ਮਣਾਂ ਅਨਾਜ ਪਿਆ ਏ।
ਉਸ ਨੁੱਕਰ ਵਿਚ ਮਰਿਆ ਕੋਈ ਰੋਟੀ ਦਾ ਮੁਥਾਜ ਪਿਆ ਏ।

ਏਧਰ ਦਾਣੇ ਰੱਖਣ ਲਈ ਵੀ, ਥਾਂ ਕੋਈ ਨਹੀਂ ਛੱਡੀ ਯਾਰੋ!
ਉਸ ਬੁੱਢੇ ਦੀਆਂ ਹੱਡੀਆਂ ਵਿੱਚੋਂ, ਜਿੰਦ ਭੁੱਖ ਨੇ ਕੱਢੀ ਯਾਰੋ!

ਦਾਨਿਆਂ ਦੇ ਪਰਬਤ ਦੇ ਵਿੱਚੋਂ, ਇਸ ਨੂੰ ਦਾਣੇ ਚਾਰ ਜੁੜੇ ਨਾ।
ਗੰਢ ਭੰਡਾਰੀ ਮਾਰੀ ਬੈਠੈ, ਕਿ ਉਸ ਦਾ ਭੰਡਾਰ ਥੁੜੇ ਨਾ।

ਚਿੜੀਆਂ, ਕਾਂ, ਕਬੂਤਰ, ਚੂਹੇ, ਸੌ ਮਣ ਰੋਜ਼ ਦਾ ਖਾ ਜਾਂਦੇ ਨੇ।
ਪਰ ਆਦਮ ਦੇ ਪੁੱਤ ਵਿਚਾਰੇ, ਭੁੱਖੇ ਈ ਸੁਰਗ ਸਿਧਾ ਜਾਂਦੇ ਨੇ।

ਏਸੇ ਮੰਡੀ ਵਿੱਚ ਜਿਨ੍ਹਾਂ ਨੇ, ਸਾਰੀ ਉਮਰ ਲੁਟਾਈ ਮਿਹਨਤ।
ਉਹ ਮੰਡੀ ਵਿਚ ਭੁੱਖੇ ਮਰ ਗਏ, ਕਿਹੜਾ ਰੰਗ ਲਿਆਈ ਮਿਹਨਤ।

ਮੈਂ ਜਦ ਵੀ ਇਹ ਫੋਟੋ ਵੇਖਾਂ, ਮੈਂ ਸੋਚਾਂ ਵਿਚ ਖੋ ਜਾਂਦਾ ਹਾਂ।
ਵੇਖ ਵੇਖ ਕੇ ਸੋਚੀ ਜਾਵਾਂ, ਤੇ ਪਾਗਲ ਜਿਹਾ ਹੋ ਜਾਂਦਾ ਹਾਂ।

ਹਾਂ- ਇਹ ਫੋਟੋ, ਮੈਨੂੰ ਜਾਪੇ ਇਹ ਹੈ ਹਿੰਦੋਸਤਾਨ ਦੀ ਫੋਟੋ।
ਭਾਰੇ ਭਰੇ ਭੰਡਾਰਾਂ ਦੇ ਵਿਚ, ਭੁੱਖ-ਮਰੇ ਇਨਸਾਨ ਦੀ ਫੋਟੋ।

ਉੱਸਰਦੇ ਮਹਿਲਾਂ ਦੀ ਫੋਟੋ, ਤੇ ਗਿਰਦੇ ਈਮਾਨ ਦੀ ਫੋਟੋ।
ਆਦਮ-ਖਾਣੀ, ਖ਼ੂਨ-ਪਿਆਸੀ, ਆਦਮ ਦੀ ਸੰਤਾਨ ਦੀ ਫੋਟੋ।

ਜਿਸ ਦੇ ਦਿਲ ਵਿਚ ਦਿਲ ਨਹੀਂ ਹੁੰਦਾ, ਉਸ ਪੱਥਰ ਹੈਵਾਨ ਦੀ ਫੋਟੋ।
ਜੋ ਇਨਸਾਫ਼ ਦੇ ਪੱਖੋਂ ਕੋਰੈ, ਉਸ ਆਦਲ ਭਗਵਾਨ ਦੀ ਫੋਟੋ।

ਇਹ ਸਾਡੀ ਤਹਿਜ਼ੀਬ ਦੀ ਫੋਟੋ, ਇਹ ਸਮਾਜ ਸ਼ੈਤਾਨ ਦੀ ਫੋਟੋ।
ਮੇਰੀਆਂ ਅੱਖਾਂ ਅੱਗੋਂ ਚੁੱਕ ਲਉ, ਐਸੇ ਬੇਈਮਾਨ ਦੀ ਫੋਟੋ।

ਮੇਰਾ ਖ਼ੂਨ ਖ਼ੌਲਦਾ ਜਾਂਦੈ, ਮੈਂ ਇਹ ਫੋਟੋ ਪਾੜ ਦਿਆਂਗਾ।
ਜਾਂ ਖੋਹ ਕੇ ਅੰਨ ਵੰਡ ਦਿਆਂਗਾ, ਜਾਂ ਮੰਡੀ ਨੂੰ ਸਾੜ ਦਿਆਂਗਾ।

ਜੇ ਕਰ ਭੁੱਖੇ ਬੇਚਾਰੇ ਦੇ, ਮੂੰਹ ਨੂੰ ਅੰਨ ਲਗਾਉਣਾ ਨਹੀਂ ਹੈ।
ਫੂਕ ਦਿਉ ਇਹ ਖੜੀਆਂ ਫ਼ਸਲਾਂ, ਐਸਾ ਅੰਨ ਉਗਾਉਣਾ ਨਹੀਂ ਹੈ।

ਜੇ ਕਰ ਰੱਜੇ, ਭੁੱਖੇ ਬੰਦਿਆਂ, ਨਾਲ ਵੰਡ ਕੇ ਖਾ ਨਹੀਂ ਸਕਦੇ।
'ਕੱਲੇ 'ਕੱਲੇ ਖਾ ਜਾਣ ਦਾ, ਇਹ ਵੀ ਹੱਕ ਹੰਢਾ ਨਹੀਂ ਸਕਦੇ

ਮੇਰੇ ਸ਼ਿਅਰਾਂ ਦੇ ਹੱਥ ਲੰਮੇਂ, ਸਭ ਕੁਝ ਖੋਹ ਕੇ ਲੈ ਜਾਣਗੇ।
ਢੇਰ ਲਗਾ ਕੇ, ਆਸੇ-ਪਾਸੇ ਭੁੱਖੇ ਖਾਵਣ ਬਹਿ ਜਾਣਗੇ।

ਫਿਰ ਮੈਂ 'ਸੰਧੂ' ਹੋਕਾ ਦੇਊਂ, ਆਉ ਭੁੱਖੇ ਢਿੱਡੋ, ਆਉ।
ਹੱਥਾਂ ਵਾਲਿਉ ਹੋਰ ਉਗਾਉ, ਮੂੰਹਾਂ ਵਾਲਿਉ ਰੱਜ ਕੇ ਖਾਉ।
ਮੂੰਹਾਂ ਵਾਲਿਉ ਰੱਜ ਕੇ ਖਾਉ, ਹੱਥਾਂ ਵਾਲਿਉ ਹੋਰ ਉਗਾਉ।

(1969)

## ਸਾਉਣ ਘਟਾਵਾਂ ਕਾਲ਼ੀਆਂ

•• ਵਾਹ ਕਾਲ਼ੀਆਂ ਜ਼ੁਲਫ਼ਾਂ 'ਚੋਂ
ਵਰ੍ਹ ਪਏ ਛਰ੍ਹਾਟੇ ਨੇ
ਹੁਣ ਕਾਹਦੇ ਘਾਟੇ ਨੇ
ਬਰਸਾਤਾਂ ਆ ਗਈਆਂ।
ਸੁੱਕੀ ਹੋਈ ਧਰਤੀ ਦੇ
ਸੁੱਕੇ ਹੋਏ ਰੁੱਖਾਂ ਲਈ
ਜਨਮਾਂ ਦੀਆਂ ਭੁੱਖਾਂ ਲਈ
ਸੌਗਾਤਾਂ ਆ ਗਈਆਂ।
ਖ਼ੁਸ਼ਬੋਈਆਂ ਆ ਟਿਕੀਆਂ
ਮੁਰਝਾਏ ਫੁੱਲਾਂ 'ਤੇ
ਭੁਰੜਾਏ ਬੁੱਲ੍ਹਾਂ 'ਤੇ
ਫਿਰ ਬਾਤਾਂ ਆ ਗਈਆਂ।
ਭੋਂ-ਦੱਬੇ ਡੱਡੂਆਂ ਵਿਚ
ਦੇਰਾਂ ਸੀ ਵਰ੍ਹਨ ਦੀਆਂ
ਫਿਰ ਟੈਂ-ਟੈਂ ਕਰਨ ਦੀਆਂ
ਔਕਾਤਾਂ ਆ ਗਈਆਂ।
ਪਰ ਸੋਹਣੇ ਸੱਜਣਾ ਵੇ
ਦਿਲ ਵਿਚ ਸੁੱਤੇ-ਸੁੱਤੇ
ਬਰਖਾ ਦੀ ਇਸ ਰੁੱਤੇ
ਫ਼ਰਿਆਦਾਂ ਆਈਆਂ ਨੇ।
ਸੁੱਕੇ ਹੋਏ ਜ਼ਖ਼ਮਾਂ ਦੇ
ਫਿਰ ਪੱਤੇ ਉੂੰਗਰ ਪਏ
ਫਿਰ ਛਾਲੇ ਪੁੂੰਗਰ ਪਏ
ਫਿਰ ਯਾਦਾਂ ਆਈਆਂ ਨੇ।

•• ਜਦ ਉੱਚ-ਪਹਾੜਾਂ ਦੀ
ਗੋਦੀ ਵਿਚ ਬੱਦਲੀਆਂ
ਲਹਿਰਾਈਆਂ ਮਨਚਲੀਆਂ
ਠੰਢਾਂ ਵਰਤਾ ਗਈਆਂ।
ਜਿਉਂ ਗੋਦੀ ਮੇਰੀ ਵਿਚ
ਘੁੰਗਰਾਲੇ ਕੇਸ ਮੇਰੇ
ਮਚਲੇ ਕਮਲੇਸ਼ ਤੇਰੇ
ਸਧਰਾਂ ਸਧਰਾ ਗਈਆਂ।
ਤੇਰੀ ਠੰਢੀ ਹਿੱਕ ਕਦੀ
ਲਾਈ ਸੀ ਸੀਨੇ ਨੂੰ
ਉਸ ਸਾਉਣ ਮਹੀਨੇ ਨੂੰ
ਖ਼ਬਰੇ ਕੀ ਭਾ ਗਈਆਂ।

(**ਜੋਬਨ-ਯਾਦਾਂ -29**)

ਤਿਲਕਣ ਤੋਂ ਡਰ ਡਰ ਕੇ
ਜਦ ਪੱਬਾਂ-ਭਾਰ ਕੋਈ
ਲੰਘੀ ਮੁਟਿਆਰ ਕੋਈ
ਫਿਰ ਯਾਦਾਂ ਆ ਗਈਆਂ।
ਇਸ ਬਰਖਾ-ਰੁੱਤੇ ਪਰ
ਜੇ ਬੱਦਲ ਵੱਸਦੇ ਨੇ
ਤਾਂ ਮੈਨੂੰ ਡੱਸਦੇ ਨੇ
ਮੈਂ ਮਰ ਮਰ ਜਾਂਦਾ ਹਾਂ।
ਚੰਚਲ ਜਿਹੀ ਬਿਜਲੀ ਵੀ
ਲੱਗਦੀ ਹੈ ਡੈਣ ਜਿਹੀ
ਪਰਲੋ ਦੀ ਭੈਣ ਜਿਹੀ
ਮੈਂ ਡਰ ਡਰ ਜਾਂਦਾ ਹਾਂ।

•• ਮੈਨੂੰ ਯਾਦ ਏ ਹਾਲੀ ਵੀ
ਪਿਛਲੀ ਬਰਖਾ ਰੁੱਤੇ
ਅਰਮਾਨ ਮੇਰੇ ਸੁੱਤੇ
ਤੂੰ ਆਪ ਜਗਾਏ ਸਨ।
ਕੀ ਕਹਿਣੇ ਸੀ ਨਜ਼ਰਾਂ
ਪ੍ਰੀਤਾਂ ਰੰਗ-ਰੰਗੀਆਂ ਦੇ
ਪੀਘਾਂ ਸਤ-ਰੰਗੀਆਂ ਦੇ
ਤੂੰ ਰੰਗ ਚੁਰਾਏ ਸਨ।
ਜਦ ਚੰਚਲ ਨਜ਼ਰਾਂ ਦੀ
ਕੋਈ ਦਾਮਨ ਦਮਕ ਗਈ
ਕੋਈ ਬਿਜਲੀ ਚਮਕ ਗਈ
ਦੀਦੇ ਚੰਧਿਆਏ ਸਨ।
ਉਹ ਮੇਰੇ ਖ਼ਿਆਲਾਂ ਵਿਚ
ਹਾਲੀ ਵੀ ਆਉਂਦੇ ਨੇ
ਭੜਥੂ ਹੀ ਪਾਉਂਦੇ ਨੇ
ਜੋ ਵਕਤ ਲੰਘਾਏ ਸਨ।
ਕੀ ਤੈਨੂੰ ਵੀ ਸਜਣੀ
ਮੈਂ ਚੇਤੇ ਆਉਂਦਾ ਹਾਂ
ਸੱਚੀਂ ਤੜਪਾਉਂਦਾ ਹਾਂ
ਤੇਰੇ ਅਰਮਾਨਾਂ ਨੂੰ ?
ਕੀ ਤੂੰ ਵੀ ਕਹਿੰਦੀ ਹੈਂ-
'ਉਸ ਦਾ ਸਿਰਨਾਵਾਂ ਦੇ'
ਉਸ ਘੋਰ-ਘਟਾਵਾਂ ਦੇ
ਢੱਕੇ ਅਸਮਾਨਾਂ ਨੂੰ ?

•• ਆਹ! ਮੇਰੀ ਸੱਜਣੀਏਂ

ਜਦ ਸੀਤ-ਹਵਾਵਾਂ ਦੇ
ਵਿਚ, ਘੋਰ-ਘਟਾਵਾਂ ਦੇ
ਬੱਦਲ ਘਿਰ ਆਉਂਦੇ ਨੇ।

ਉਹ ਵਰਖਾ ਲਾਉਂਦੇ ਨੇ
ਜੋ ਮੋਹਲੇ-ਧਾਰ ਵਰ੍ਹੇ
ਕਰ ਕਰ ਕੇ ਵਾਰ ਵਰ੍ਹੇ
ਹਰ ਚੀਜ਼ ਲੁਕਾਉਂਦੇ ਨੇ।

ਉਸ ਧੁੰਦਲਕੇ ਜਿਹੇ 'ਚੋਂ
ਤੇਰੀ ਹੀ ਸੂਰਤ ਦੇ
ਉਸ ਮੋਹਣੀ ਮੂਰਤ ਦੇ
ਝੌਲੇ ਭਰਮਾਉਂਦੇ ਨੇ।

ਤੇਰੇ ਨਾਲ ਤੇਰਾ ਮਾਹੀ
ਪਿਆ ਛੇੜਾਂ ਕਰਦਾ ਏ
ਬੁੱਲ੍ਹੀਂ ਬੁੱਲ੍ਹ ਧਰਦਾ ਏ
ਮੈਨੂੰ ਦਿੱਸ ਆਉਂਦੇ ਨੇ।

ਤੇਰੀ ਛਾਤੀ ਦੇ ਉੱਤੇ
ਉਸ ਨੇ ਸਿਰ ਧਰਿਆ ਏ
ਤੇਰਾ ਦਿਲ ਕਰਿਆ ਏ
ਕਿ ਪਰ੍ਹਾਂ ਵਗ੍ਹਾ ਦੇਵਾਂ।

ਤੇਰੇ ਕਾਲੇ ਕੇਸਾਂ ਨੂੰ
ਜਦ ਵੀ ਉਸ ਚੁੰਮ ਲੀਤਾ
ਤੇਰਾ ਦਿਲ ਇੰਜ ਕੀਤਾ
ਮੁੱਢੋਂ ਮੁਨਵਾ ਦੇਵਾਂ।

•• ਪਰ ਭੋਲੀਏ ਕੁੜੀਏ ਨੀ

ਇਹ ਤਾਂ ਕੋਈ ਚਾਰਾ ਨਹੀਂ
ਹੁਣ ਇੰਜ ਗੁਜ਼ਾਰਾ ਨਹੀਂ
ਹੋਣਾ ਜ਼ਿੰਦਗਾਨੀ ਦਾ।

ਹੁਣ ਮੇਰੀ ਸੱਜਣੀਏਂ
ਮਾਹੀ ਸੰਗ ਖੁੱਲ੍ਹ ਜਾ ਨੀ
ਤੂੰ ਚੇਤਾ ਭੁੱਲ ਜਾ ਨੀ
ਇਕ ਪ੍ਰੀਤ-ਕਹਾਣੀ ਦਾ।

ਜੋ ਲੁੱਟੇ ਚੈਨ ਤੇਰਾ
ਤੂੰ ਦਿਲ 'ਚੋਂ ਕੱਢ ਅੜੀਏ
ਤੂੰ ਖਹਿੜਾ ਛੱਡ ਅੜੀਏ
ਉਸ ਯਾਦ ਦੀਵਾਨੀ ਦਾ।

ਤੂੰ ਕੋਈ ਅੰਞਾਣੀ ਨਹੀਂ
ਤੂੰ ਫ਼ਰਜ਼ ਸੰਭਾਲ ਕੁੜੇ
ਤੂੰ ਰੱਖ ਖ਼ਿਆਲ ਕੁੜੇ
ਆਪਣੇ ਦਿਲ-ਜਾਨੀ ਦਾ।

ਕੀ ਦੋਸ਼ ਕਿਸੇ ਦਾ ਨੀ
ਚੱਲੀਆਂ ਤਦਬੀਰਾਂ ਨਾ
ਹੋਈਆਂ ਤਕਦੀਰਾਂ ਨਾ
ਜੇ ਆਪਣੇ ਵੱਲ ਦੀਆਂ।
ਹੁਣ ਵਾਲੀ ਦੁਨੀਆਂ ਵਿਚ
ਆਪੇ ਨੂੰ ਪਾ ਦੇਵੀਂ
ਤੂੰ ਦਿਲੋਂ ਭੁਲਾ ਦੇਵੀਂ
ਸਭ ਗੱਲਾਂ ਕੱਲ੍ਹ ਦੀਆਂ।

●● ਤੂੰ ਅੱਜ ਬੇਗ਼ਾਨੀ ਏਂ
ਦਿਲ ਜੇ ਕਰ ਨਾ ਮੰਨੇ
ਦਿਲ ਉੱਤੇ ਮੈਂ ਚੰਨੇ
ਇਕ ਪੱਥਰ ਧਰ ਲਾਂਗਾ।
ਕੋਈ ਕੱਲ੍ਹ ਮੇਰਾ ਸੀ
ਬੱਸ ਏਨੇ ਉੱਤੇ ਨੀ
ਹਰ ਸੋਹਣੀ ਰੁੱਤੇ ਨੀ
ਮੈਂ ਧੀਰਜ ਧਰ ਲਾਂਗਾ।
ਲੰਘੇ ਹੋਏ ਸਮਿਆਂ ਦੇ
ਮੁਰਝਾਏ ਫੁੱਲਾਂ ਦੀ
ਕੁਮਲਾਏ ਫੁੱਲਾਂ ਦੀ
ਮੈਂ ਝੋਲੀ ਭਰ ਲਾਂਗਾ।
ਜੀਵਨ ਦੇ ਮੋੜਾਂ 'ਤੇ
ਤੂੰ ਸਾਹਵੇਂ ਆ ਕੇ ਵੀ
ਜੇ ਨਜ਼ਰ ਝੁਕਾ ਕੇ ਵੀ
ਲੰਘ ਜਾਵੇਂ, ਜਰ ਲਾਂਗਾ।
ਪਰ ਤੇਰੀਆਂ ਪਲਕਾਂ 'ਤੇ
ਕੋਈ ਹੰਝੂ ਤਰ ਆਵੇ
ਤੇਰਾ ਦਿਲ ਭਰ ਆਵੇ
ਇਹ ਸਹਿਣਾ ਔਖਾ ਏ।
ਤੂੰ ਰਹੇਂ ਉਦਾਸ ਕੁੜੇ
ਇਸ ਸਉਣ ਮਹੀਨੇ ਵਿਚ
ਧੜਕਣ ਦਾ ਸੀਨੇ ਵਿਚ
ਫਿਰ ਰਹਿਣਾ ਔਖਾ ਏ। (7-68 ਤੋਂ 7-69)

## ਰੱਖੜੀਆਂ

ਆ ਗਈਆਂ ਰੱਖੜੀਆਂ–
ਵੀਰਾਂ ਦੀਆਂ ਰੱਖਾਂ ਲਈ
ਭੈਣਾਂ ਦੀ ਰਾਖੀ ਲਈ
ਵੀਰਾਂ ਦੇ ਪਿਆਰ ਲਈ
ਭੈਣਾਂ ਦੇ ਚਾਵਾਂ ਲਈ।
ਖ਼ੁਸ਼ੀਆਂ ਲਈ
ਹਾਸੇ ਲਈ
ਠੰਡੀਆਂ ਹਵਾਵਾਂ ਲਈ।
ਵੀਰਾਂ ਦੇ ਵਿਹੜੇ ਦੇ
ਫਿਰ ਚੇਤੇ ਆ ਗਏ ਨੇ।
ਵੀਰਾਂ ਤੋਂ ਵਿਛੜੀ ਦੇ
ਹੰਝੂ ਛਲਕਾ ਗਏ ਨੇ।

ਆ ਗਈਆਂ ਰੱਖੜੀਆਂ–
ਵੀਰਾਂ ਦੇ ਪਿਆਰ ਦੀਆਂ
ਨਦੀਆਂ ਨੇ ਚੱਲਦੀਆਂ।
ਵੀਰਾਂ ਦੀ ਜੋੜੀ ਨੂੰ
ਰੱਖੜੀਆਂ ਘੱਲ ਦੀਆਂ।
ਭੈਣਾਂ ਦੇ ਚਾਵਾਂ ਨੂੰ
ਜਾਂ ਭੈਣਾਂ ਜਾਣਦੀਆਂ
ਜਾਂ ਵੀਰੇ ਜਾਨਣਗੇ।
ਜੋ ਭੈਣਾਂ ਲਈ
ਹਰ ਥਾਂ 'ਤੇ ਛਾਤੀ ਤਾਨਣਗੇ।

ਆ ਗਈਆਂ ਰੱਖੜੀਆਂ–
ਵੀਰੋ ਵੇ ਚੰਨ ਜਿਹੋ!
ਵਿਛੜੀ ਹੋਈ ਭੈਣ ਦੀਆਂ
ਰੱਖੜੀਆਂ ਬੰਨ੍ਹ ਲਿਓ!
ਮੈਂ ਸੁੱਖਾਂ ਸੁੱਖ ਰਹੀ
ਤੇ ਕਾਗ ਉਡਾਉਂਦੀ ਹਾਂ।
ਵੀਰਾਂ ਦਿਆਂ ਰਾਹਾਂ 'ਤੇ
ਮੈਂ ਨੈਣ ਵਿਛਾਉਂਦੀ ਹਾਂ।
ਵੇ ਅੰਮੜੀ ਦੇ ਜਾਇਓ!
ਇਕ ਵਿਛੜੀ ਮਾਂ–ਜਾਈ
ਨੂੰ ਛੇਤੀ ਮਿਲ ਜਾਇਓ!

ਆ ਗਈਆਂ ਰੱਖੜੀਆਂ–
ਪੁਰਵਾਈਆਂ ਚੱਲਦੀਆਂ।
ਵੀਰਾਂ ਦੀ ਜੋੜੀ ਨੂੰ
ਰੱਖੜੀਆਂ ਘੱਲਦੀ ਆਂ।

(10–08–73)

## ਪਲਕ-ਝਲਕ ਦਾ ਮੇਲਾ

ਜੁੜੀਆਂ ਹੋਈਆਂ ਦੋ ਸੀਟਾਂ 'ਤੇ
ਇਕ ਮੋਟਰ ਵਿਚ
ਅੱਧਾ ਘੰਟਾ ਰਲ਼ ਕੇ ਬੈਠੇ।

ਕੀ ਏਨੇ ਚਿਰ ਦੇ ਵਿਚ
ਇਹ ਕੁਝ ਹੋ ਜਾਂਦਾ ਏ?
ਅੱਧੀ ਉਮਰਾ ਤੀਕਣ
ਜੋ ਦਿਲ ਸਾਂਭ ਰੱਖਿਆ
ਏਨੀ ਚੇਤੀ ਖੋ ਜਾਂਦਾ ਏ?

ਹਾਇ!
ਓਸ ਦਾ ਕੂਲ਼ਾ ਮੋਢਾ
ਗੁਦ-ਗੁਦ ਡੌਲ਼ੇ।
ਹਿੱਕ ਉੱਤੇ
ਦਿਲ ਵਾਲੇ ਪਾਸੇ
ਰਹੇ ਸਰਕਦੇ ਹੌਲ਼ੇ-ਹੌਲ਼ੇ।

ਤੇ ਉਸਦੇ
ਗੋਰੇ ਅੰਗਾਂ 'ਚੋਂ
ਪਤਾ ਨਹੀਂ ਕੀ ਯਾਦ ਆ ਗਿਆ!
ਜਿਉਂ ਮੇਰਾ ਵਿੱਛੜਿਆ ਪ੍ਰੀਤਮ
ਸੌ ਸਦੀਆਂ ਦੇ ਬਾਦ ਆ ਗਿਆ।

ਅਨਜਾਣੇ ਹੀ
ਬਾਂਹ ਮੇਰੀ ਦਾ
ਢੋਅ ਉੱਤੋਂ ਦੀ
ਪੋਲਾ ਜਿਹਾ ਪੈ ਗਿਆ ਕਲਾਵਾ।
ਕੀ ਸੱਚੀਂ ਇਹ ਸਭ ਕੁਝ ਹੋਇਐ
ਜਾਂ ਐਵੇਂ ਸੀ ਕੂੜ-ਛਲਾਵਾ?

ਨਹੀਂ ਨਹੀਂ, ਇਹ ਕੂੜ ਨਹੀਂ ਸੀ
ਇਹ ਨਜ਼ਰਾਂ ਦਾ ਧੋਖਾ ਨਹੀਂ ਸੀ
ਨਾ ਕੇਵਲ ਅਹਿਸਾਸ ਦਿਲੇ ਦਾ
ਇਹ ਤਾਂ ਸੱਚ ਸੀ ਮੌਤ ਵਾਂਗਰਾਂ।

ਕੀ ਉਸ ਮੈਨੂੰ ਵਕਤ ਨਹੀਂ ਪੁੱਛਿਆ?
ਕੀ ਮੈਂ ਵਕਤ ਦੱਸਿਆ ਨਹੀਂ ਸੀ?
ਉਹ ਥੋੜ੍ਹਾ ਮੁਸਕਾਈ ਨਹੀਂ ਸੀ?
ਮੈਂ ਥੋੜ੍ਹਾ ਜਿਹਾ ਹੱਸਿਆ ਨਹੀਂ ਸੀ?

ਕੀ ਮੈਂ ਉਸ ਦੀਆਂ ਵੰਙਾਂ ਉੱਤੇ
ਅਪਣਾ ਹੱਥ ਟਿਕਾਇਆ ਨਹੀਂ ਸੀ?
ਕੀ ਉਸ ਨੇ ਲੋਕਾਂ ਤੋਂ ਸੰਗਦੇ
ਹੌਲ਼ੀ ਜਿਹੀ ਸਰਕਾਇਆ ਨਹੀਂ ਸੀ?

ਕੀ ਉਸ ਦੇ ਕੂਲ਼ੇ ਪੈਰਾਂ ਨੇ
ਮੇਰੇ ਪੈਰ ਪਲੋਸੇ ਨਹੀਂ ਸੀ?
ਕੀ ਮੋਟਰ ਤੋਂ ਲੱਥਣ ਲੱਗਿਆਂ
ਉਸ ਦੇ ਨੈਣ ਮਸੋਸੇ ਨਹੀਂ ਸੀ?

ਆਹ!
ਉਦੋਂ ਦੀ ਗੱਲ ਕੀ ਦੱਸਾਂ
ਉਸ ਦਾ ਅੱਡਾ ਆ ਚੁੱਕਿਆ ਸੀ
ਕੋਈ ਵਿਸਲ ਵਜਾ ਚੁੱਕਿਆ ਸੀ
ਕੋਈ ਬਰੇਕਾਂ ਲਾ ਚੁੱਕਿਆ ਸੀ।

ਆਹ!
ਵਿਚਾਰੀ ਕੰਜ-ਕੁਆਰੀ
ਦੋ-ਚਿੱਤੀ ਵਿਚ ਖੋਈ-ਖੋਈ
ਬੇਚਾਰਾ ਜਿਹੀ ਹੋਈ-ਹੋਈ
ਬੱਧੋ-ਰੁੱਧੀ ਉੱਠ ਖਲੋਈ।

ਐਪਰ ਬੈਠ ਗਿਆ ਦਿਲ ਮੇਰਾ
ਸੰਙਣਾ ਜਿਹਾ ਖ਼ਾਮੋਸ਼ੀ-ਘੇਰਾ
ਮਸਾਂ ਤੋੜ ਕੇ
ਬੋਲ ਮੇਰੇ ਦੋ
ਉਸ ਦੇ ਕੰਨੀਂ ਬਣੇ ਸਵਾਲੀ
'ਕਰ ਚੱਲੇ ਓ ਸੀਟਾਂ ਖਾਲੀ?'
ਜਿੱਦਾਂ ਕੋਈ ਚੀਸ ਦਬਾਉਂਦੈ
ਦਿਲ ਦੇ ਉੱਤੇ ਕਾਬੂ ਪਾਉਂਦੈ
ਇੰਜ ਬੁੱਲ੍ਹ ਦੰਦਾਂ ਵਿਚ ਦੇ ਕੇ
ਹੌਲ਼ੀ ਜਿਹੀ
ਉਹ ਕਹਿ ਕੇ ਤੁਰ ਗਈ-
'ਬੜੇ ਮੁਸਾਫ਼ਿਰ ਮਿਲਣੇ ਹਾਲੀ,
ਸੀਟ ਕਦੋਂ ਰਹਿੰਦੀ ਏ ਖਾਲੀ।'

ਐਪਰ ਮੈਥੋਂ
ਓਸ ਕੁੜੀ ਦੀ
ਯਾਦ ਭੁਲਾਈ ਜਾ ਨਹੀਂ ਸਕਣੀ।
ਜਿਹੜੀ ਸੀਟ ਉਹ ਖਾਲੀ ਕਰ ਗਈ
ਓਸ ਸੀਟ 'ਤੇ ਮੌਤੋਂ ਪਹਿਲਾਂ
ਕੋਈ ਸਵਾਰੀ ਆ ਨਹੀਂ ਸਕਣੀ।

(1968)

## ਚਿੱਠੀ

ਕਿਸੇ ਦੇ ਨੇੜ ਦਾ ਓਦੋਂ ਪਤਾ ਲਗਦਾ ਏ ਬੰਦੇ ਨੂੰ
ਜਦੋਂ ਕਿ ਓਸ ਤੋਂ ਕੁਝ ਦੂਰ ਰਹਿਣਾ ਪੈ ਗਿਆ ਹੋਵੇ।
ਉਦੋਂ ਤਾਂ ਇਸ ਤਰ੍ਹਾਂ ਖਾਲੀ ਜਿਹਾ ਲਗਦਾ ਏ ਦਿਲ 'ਸੰਧੂ'
ਜਿਵੇਂ ਕੋਈ ਕੱਢ ਕੇ ਕੁਝ ਦਿਲ ਦੇ ਵਿੱਚੋਂ ਲੈ ਗਿਆ ਹੋਵੇ।

ਕਿਸੇ ਦੇ ਪਿਆਰ ਦੀ ਕੀਮਤ ਜੁਦਾਈ ਹੀ ਪੁਆਉਂਦੀ ਏ
ਜੁਦਾਈ ਵਿੱਚ ਹੀ ਤਾਂ ਪਰਖਿਆ ਜਾਂਦਾ ਏ ਦਿਲ ਸਜਣੀ!
ਉਦੋਂ ਦਿਲ ਅਸਲ ਵਿਚ ਹਕਦਾਰ ਹੁੰਦੈ 'ਦਿਲ' ਕਹਾਉਣ ਦਾ
ਕਿਸੇ ਦੇ ਹਿਜਰ ਅੰਦਰ ਗ਼ਸ਼ ਜਦੋਂ ਖਾਂਦਾ ਏ ਦਿਲ ਸਜਣੀ!

ਕਦੀ ਜੇ ਵਿਹਲ ਹੋਵੇ, ਯਾਦ ਕਰ ਲੈਣਾ ਮੇਰੀ ਰਾਣੀ!
ਕਦੀ ਜੇ ਯਾਦ ਆਵੇ ਹੰਝੂਆਂ ਨੂੰ ਵਹਿਣ ਨਾ ਦੇਣਾ।
ਕਦੀ ਜੇ ਵਗ ਪਏ ਹੰਝੂ, ਤਾਂ ਕਾਗਜ਼ 'ਤੇ ਉਲੱਦ ਦੇਣੇ
ਕਿ ਦਿਲ ਦਾ ਦਰਦ ਲਿਖ ਕੇ ਭੇਜ ਦੇਣਾ, ਰਹਿਣ ਨਾ ਦੇਣਾ।

ਤੇਰੀ ਫੋਟੋ ਨੂੰ ਮੈਂ ਤੱਕਦਾਂ ਤਾਂ ਹੌਕਾ ਨਿਕਲ ਜਾਂਦਾ ਏ
ਉਹ ਸਾਹਵੇਂ ਬੈਠਦੀ ਏ ਪਰ ਵਿਚਾਰੀ ਗੱਲ ਨਹੀਂ ਕਰਦੀ।
ਮੇਰੀ ਰਾਣੀ! ਲਿਖੀਂ ਚਿੱਠੀ ਜੋ ਗੱਲਾਂ ਆਣ ਕੇ ਦੱਸੇ
ਮੇਰੀ ਇਹ ਜਿੰਦ ਝੱਲੀ, ਬਾਝ ਤੇਰੇ ਦਿਲ ਨਹੀਂ ਧਰਦੀ।

ਤੂੰ ਜੋ ਵੀ ਗ਼ਮ ਦਵੇਂਗੀ, ਚੰਨੀਏ ਸਾਰੇ ਸਹਾਰਾਂਗਾ
ਜਦੋਂ ਵੀ ਦਿਲ ਘਟੇਗਾ, ਮੈਂ ਸਦਾ ਤੈਨੂੰ ਪੁਕਾਰਾਂਗਾ।
ਜ਼ਰਾ ਛੇਤੀ ਲਿਖੀਂ ਚਿੱਠੀ ਕਿ ਮੁੜਦੀ ਡਾਕ ਆ ਪਹੁੰਚੇ
ਤੇਰੀ ਚਿੱਠੀ ਦੀ ਹੀ ਮੈਂ ਆਸ 'ਤੇ ਪਲ਼-ਪਲ਼ ਗੁਜ਼ਾਰਾਂਗਾ।

29.2.1972

## ਯਾਦਾਂ

(ਇਹ ਨਜ਼ਮ 'ਮੇਰੀ ਯਾਦ ਵੀ ਤੈਨੂੰ ਆਂਦੀ ਰਹੇਗੀ' ਤਰਹ-ਮਿਸਰਾ 'ਤੇ ਲਿਖੀ ਗਈ।)

•• ਮੇਰੇ ਪੀਆ ਪਿਆਰੇ! ਮੇਰੇ ਦਿਲ ਦੀ ਧੜਕਣ
ਜੁਗਾਂ ਤੀਕ ਤੈਨੂੰ ਬੁਲਾਂਦੀ ਰਹੇਗੀ।
ਤੇਰੀ ਯਾਦ ਨੇ ਮੈਨੂੰ ਬੇਹਾਲ ਕੀਤੈ
ਮੇਰੀ ਯਾਦ ਵੀ ਤੈਨੂੰ ਆਂਦੀ ਰਹੇਗੀ।

•• ਓ ਪਿਆਰਾਂ ਦੇ ਵਾਰਿਸ! ਪ੍ਰੀਤਾਂ ਦੇ ਦਾਤੇ!
ਮੁਹੱਬਤ ਦੇ ਦੋ ਬੁੱਕ ਮੈਨੂੰ ਪਿਲਾ ਕੇ।
ਤੂੰ ਬੇਹੋਸ਼ ਕਰ ਦਿੱਤੀ ਬੇਦੋਸ਼ ਝੱਲੀ
ਮੁਹੱਬਤ ਦੀ ਮਦਰਾ ਨੂੰ ਬੁੱਲ੍ਹੀਂ ਛੁਹਾ ਕੇ।
ਤੇਰਾ ਪਿਆਰ ਮਿੱਠਾ ਸੀ, ਮਿਸ਼ਰੀ ਤੋਂ ਮਿੱਠਾ
ਤੇ ਸੁੱਚਾ ਸੀ, ਜਿੰਨੀ ਕਿ ਧਰਤੀ ਏ ਸੁੱਚੀ।
ਤੇਰਾ ਪਿਆਰ ਡੂੰਘਾ ਸੀ, ਸਾਗਰ ਤੋਂ ਡੂੰਘਾ
ਜੋ ਲੈ ਜਾਂਦਾ ਅਰਸ਼ਾਂ ਤੋਂ ਉੱਚਾ ਉਠਾ ਕੇ।

ਤੇਰਾ ਪਿਆਰ ਨਿੱਘਾ ਸੀ, ਫੱਗਣ ਦਾ ਸੂਰਜ
ਤੇਰਾ ਪਿਆਰ ਠੰਡਾ ਸੀ, ਜਿਹਲਮ ਦਾ ਪਾਣੀ।
ਤੇਰਾ ਪਿਆਰ ਕਲੀਆਂ ਦੀ ਖ਼ੁਸ਼ਬੂ ਤੋਂ ਤਾਜ਼ਾ
ਤੇਰਾ ਪਿਆਰ ਯੁੱਗਾਂ ਤੋਂ ਆਦਮ ਦਾ ਹਾਣੀ।
ਤੇਰਾ ਪਿਆਰ ਜੀਵਨ ਸੀ, ਜੀਵਨ ਦੀ ਸੋਝੀ
ਤੇ ਜੀਵਨ ਦੀ ਤਾਕਤ ਤੇਰੇ ਪਿਆਰ ਅੰਦਰ।
ਤੇਰਾ ਪਿਆਰ ਪੱਥਰ ਨੂੰ ਪਾਣੀ ਬਣਾਵੇ
ਸੀ ਐਸੀ ਨਜ਼ਾਕਤ ਤੇਰੇ ਪਿਆਰ ਅੰਦਰ।

ਤੇਰੇ ਪਿਆਰ ਦੇ ਦੋ ਪਲ਼ਾਂ ਦੀ ਸਮ੍ਰਿਤੀ ਤਾਂ
ਸਾਰੀ ਹੀ ਉਮਰਾ ਜਲਾਂਦੀ ਰਹੇਗੀ।
ਤੇਰੀ ਯਾਦ ਨੇ ਮੈਨੂੰ ਬੇਹਾਲ ਕੀਤੈ
ਮੇਰੀ ਯਾਦ ਵੀ ਤੈਨੂੰ ਆਂਦੀ ਰਹੇਗੀ।

•• ਤੂੰ ਝੂਠੇ ਜਿਹੇ ਰਿਸ਼ਤੇ ਦਾ ਝੂਠਾ ਸਹਾਰਾ
ਬਣਾਇਆ ਸੀ ਮੈਨੂੰ ਭੁਲਾਵਣ ਦੀ ਖ਼ਾਤਿਰ।
ਅਦਰਸ਼ਾਂ ਦੀ ਤੂੰ ਆੜ ਲੈ ਲੀਤੀ ਪੀਆ
ਮੇਰੇ ਪਿਆਰ ਤੋਂ ਦਿਲ ਬਚਾਵਣ ਦੀ ਖ਼ਾਤਿਰ।
ਮੈਂ ਕੀ ਆਖਾਂ ਤੇਰੀ ਮੁਹੱਬਤ ਨੂੰ ਚੰਨਾ
ਮੁਹੱਬਤ ਤੇਰੀ ਦੀ ਮੈਂ ਕੀ ਸਾਰ ਜਾਣਾ।
ਕਿਸੇ ਹੋਰ ਦਾ ਦਿਲ ਨਾ ਮਿਲਿਆ ਤਾਂ ਮੇਰਾ ਹੀ
ਲੈ ਲੀਤਾ ਦਿਲ ਤੂੰ ਜਲਾਵਣ ਦੀ ਖ਼ਾਤਿਰ।

ਮਗਰ ਪੀਆ ਤੈਨੂੰ ਮੈਂ ਕੀ ਦੋਸ਼ ਦੇਵਾਂ
ਜੇ ਪੀੜਾਂ ਹੀ ਲਿਖੀਆਂ ਸੀ ਤੱਤੀ ਦੇ ਭਾਗੀਂ।
ਸੱਯਾਦਾਂ ਤੋਂ ਡਰਦਾ ਜੇ ਆਵੇ ਨਾ ਭੌਰਾ
ਕਲੀ ਤਰਸਦੀ, ਸੁੱਕ ਜਾਂਦੀ ਏ ਬਾਗੀਂ।
ਮਗਰ ਜਿਸ ਕਲੀ 'ਤੇ ਕੋਈ ਭੌਰਾ ਬੈਠੇ
ਤੇ ਉੱਡ ਜਾਵੇ ਚੁੰਮ ਕੇ ਹੀ ਬੁੱਲ੍ਹਾਂ ਦੀ ਲਾਲੀ।
ਉਨੂੰ ਮੌਤ ਵੀ ਨਾ ਬੁਲਾਇਆਂ ਮਿਲੇਗੀ
ਉਨੂੰ ਮੌਤ ਹਰ ਥਾਂ ਦਵੇਗੀ ਦਿਖਾਲੀ।

ਤੇਰੀ ਪ੍ਰੀਤ ਦਿਲ 'ਚੋਂ ਭੁਲਾਇਆਂ ਨਾ ਭੁੱਲੇ
ਤੇਰੀ ਪ੍ਰੀਤ ਹੱਡਾਂ ਨੂੰ ਖਾਂਦੀ ਰਹੇਗੀ।
ਤੇਰੀ ਯਾਦ ਨੇ ਮੈਨੂੰ ਬੇਹਾਲ ਕੀਤੈ
ਮੇਰੀ ਯਾਦ ਵੀ ਤੈਨੂੰ ਆਂਦੀ ਰਹੇਗੀ।

•• ਪੀਆ! ਦੁੱਧ ਹੋਵੇ ਤਾਂ ਜਾਗਾਂ ਦਾ ਘਾਟਾ
ਭਲਾ ਕਿਸ ਨੂੰ ਹੁੰਦੈ ਜ਼ਮਾਨੇ ਦੇ ਅੰਦਰ।
ਕੋਈ ਹੋਰ ਬੁਲਬੁਲ ਵਸਾਵੇਗੀ, ਪ੍ਰੀਤਾਂ ਦੀ
ਦੁਨੀਆਂ ਤੇਰੇ ਆਸ਼ੀਆਨੇ ਦੇ ਅੰਦਰ।
ਕਿਸੇ ਹੋਰ ਛਾਤੀ 'ਤੇ ਸੁੱਟੇਂਗਾ ਸਿਰ ਨੂੰ
ਤੇ ਸੁੰਘੇਂਗਾ ਖ਼ੁਸ਼ਬੂ ਕਿਸੇ ਦੇ ਬਦਨ ਦੀ।
ਤੇ ਝੂੰਮੇਂਗਾ ਮਸਤੀ 'ਚ ਮਸਤਾਨਾ ਹੋ ਕੇ
ਕਿਸੇ ਦੀ ਨਜ਼ਰ ਦੇ ਮੈਖ਼ਾਨੇ ਦੇ ਅੰਦਰ।

ਕਿਸੇ ਨਾਜ਼ਨੀ ਦੇ ਕਦੀ ਕੇਸ ਕਾਲੇ
ਤੇਰੇ ਮੋਢਿਆਂ 'ਤੇ ਕਲੋਲਾਂ ਵੀ ਕਰਸਨ।
ਕਿਸੇ ਸ਼ੋਖ਼-ਚੰਚਲ ਦੇ ਗਦਰਾਏ ਅੰਗਾਂ ਦੇ
ਤੇਰੇ ਕਲਾਵੇ, ਕਲਾਵੇ ਵੀ ਭਰਸਨ।
ਕਦੀ ਸੁਰਖ਼ ਬੱਲ੍ਹਾਂ ਨੂੰ ਚੁੰਮਣ ਵੀ ਤੇਰੇ
ਅੰਗਾਰਾਂ ਦੇ ਵਾਂਗੂੰ ਭਖਾਵਣਗੇ ਪੀਆ।
ਤੇਰੇ ਹਾਸਿਆਂ ਤੋਂ ਬਹਾਰਾਂ ਦੇ ਮਾਲੀ
ਬਹਾਰਾਂ ਦੀ ਦੁਨੀਆਂ ਲੁਟਾਵਣ ਨੂੰ ਤਰਸਨ।

ਮਗਰ ਤੇਰੇ ਸੁੱਤੇ ਦੇ ਖ਼ਾਬਾਂ 'ਚ ਹਰ-ਦਮ
ਮੇਰੀ ਪ੍ਰੀਤ ਰਾਸਾਂ ਰਚਾਂਦੀ ਰਹੇਗੀ।
ਤੇਰੀ ਯਾਦ ਨੇ ਮੈਨੂੰ ਬੇਹਾਲ ਕੀਤੈ
ਮੇਰੀ ਯਾਦ ਵੀ ਤੈਨੂੰ ਆਂਦੀ ਰਹੇਗੀ।

•• ਇਹ ਮਰਦਾਂ ਦੀ ਜਾਤੀ ਤੇ ਉੱਤੋਂ ਜਵਾਨੀ
ਇਹ ਚੰਦਾ ਦੀ ਸੂਰਤ ਤੇ ਸ਼ਾਇਰੀ ਦਾ ਆਲਮ।
ਕੋਈ ਇੱਕ ਹੁੰਦਾ ਤਾਂ ਮੈਂ ਦੋਸ਼ ਦਿੰਦੀ
ਇਹ ਚਾਰੇ ਦੇ ਚਾਰੇ ਹੀ 'ਕੱਠੇ ਨੇ ਜ਼ਾਲਿਮ।
ਹੈ ਕਵੀਆਂ ਦੀ ਫ਼ਿਤਰਤ, ਕਿ ਭੌਰੇ ਦੇ ਵਾਂਗੂੰ
ਨਵੀਂ ਹੀ ਕਲੀ 'ਤੇ ਸਦਾ ਬੁੱਲ੍ਹ ਧਰਨੇ।
ਕਲੀ ਨੂੰ ਕੀ ਹਕ ਹੈ ਕਿ ਉਹ ਕਮਲੀ ਸੋਚੇ
ਕਿ ਖਾ ਜਾਵੇ ਭੌਰੇ ਨੂੰ ਸਾਲਮ ਦਾ ਸਾਲਮ।

ਜਵਾਨੀ ਦੀ ਦੁਨੀਆਂ, ਜਵਾਨੀ ਦੀ ਦੁਨੀਆਂ
ਜਵਾਨੀ ਦੀ ਦੁਨੀਆਂ ਦਾ ਆਲਮ ਨਿਰਾਲਾ।
ਭਲਾ ਇੱਕੋ ਪਿਆਲੇ ਦੀ ਮੈਅ ਕੌਣ ਪੀਵੇ
ਜਵਾਨੀ ਦੀ ਹਰ ਸ਼ਾਮ ਦੂਜਾ ਪਿਆਲਾ।
ਤੇ ਫਿਰ ਮੇਰੇ ਪੀਆ ਦੇ ਭੋਲੇ ਜਿਹੇ ਦਿਲ ਨੂੰ
ਜੇ ਭਾ ਗਈ ਹੈ ਕੋਈ ਤਾਂ ਕਾਹਦੀ ਹੈਰਾਨੀ।
ਬੁਢਾਪੇ 'ਚ ਮੈਂ ਤੇਰਾ ਬਣਸਾਂ ਸਹਾਰਾ
ਬਿਤਾ ਲੈ ਕਿਸੇ ਦੇ ਸਹਾਰੇ ਜਵਾਨੀ।

ਮੇਰੇ ਦਿਲ ਦੀ ਧੜਕਣ ਦੀ ਆਦਤ ਹੈ ਪੀਆ
ਕਿ ਤੇਰੇ ਹੀ ਨਾਂ ਨੂੰ ਧਿਆਂਦੀ ਰਹੇਗੀ।
ਤੇਰੀ ਯਾਦ ਨੇ ਮੈਨੂੰ ਬੇਹਾਲ ਕੀਤੈ
ਮੇਰੀ ਯਾਦ ਵੀ ਤੈਨੂੰ ਆਂਦੀ ਰਹੇਗੀ।

•• ਤੇਰੀ ਜ਼ਿੰਦਗੀ ਦੀ ਜਵਾਨੀ ਦੀ ਰੁੱਤੇ
ਬੜੇ ਫੁੱਲ ਖਿੜਨੇ ਨੇ ਖ਼ੁਸ਼ੀਆਂ ਦੇ ਹਾਲੀ।
ਕਦੇ ਤਿਤਲੀਆਂ ਦੇ ਹੁਸੀਂ ਸ਼ੋਖ਼ ਜਲਵੇ
ਕਦੇ ਬੁਲਬੁਲਾਂ ਦੀ ਤਰੱਨਮ ਨਿਰਾਲੀ।
ਕਦੇ ਜ਼ੁਲਫ਼ਾਂ ਬਣਕੇ ਘਟਾਵਾਂ ਨੇ ਆਉਣੈਂ
ਕਦੇ ਚੰਦ ਨਿਕਲੂਗਾ ਬਦਲੀ ਦੇ ਵਿੱਚੋਂ।
ਕਿ ਬੁਰਕੇ ਦੇ ਵਿੱਚੋਂ ਜਿਵੇਂ ਮੁਸਲਮਾਨੀ ਦਾ
ਚੰਦਾ ਜਿਹਾ ਮੁੱਖ ਦੇਵੇ ਦਿਖਾਲੀ।

ਤੇਰੀ ਜ਼ਿੰਦਗਾਨੀ 'ਚ ਖ਼ੁਸ਼ੀਆਂ ਦੇ ਪਰਬਤ
ਉਮੰਗਾਂ ਤੇ ਚਾਹਾਂ ਦਾ ਅੰਬਾਰ ਹੋਊ।
ਤੇਰੇ ਦਿਲ ਦੀ ਧੜਕਣ ਦੀ ਸਰਗਮ ਛਿੜੇਗੀ
ਤੇ ਖ਼ੁਸ਼ੀਆਂ ਦੀ ਝਾਂਜਰ ਦੀ ਛਣਕਾਰ ਹੋਊ।
ਮਿਲੂ ਮਸਤ ਨੈਣਾਂ 'ਚੋਂ ਮਸਤੀ ਵੀ ਤੈਨੂੰ
ਤੇ ਮਹਿਕੀਲੇ ਅੰਗਾਂ 'ਚੋਂ ਮਹਿਕਾਰ ਚੰਨਾ।
ਤੇਰੇ ਦਿਲ ਦੇ ਵਿਹੜੇ 'ਚ ਜਜ਼ਬਾਤ, ਚਾਵਾਂ
ਉਮੰਗਾਂ, ਹੁਲਾਸਾਂ ਦੀ ਭਰਮਾਰ ਹੋਊ।

ਮਗਰ ਹੋਂਦ ਮੇਰੀ ਬਿਨਾਂ, ਮੇਰੇ ਪ੍ਰੀਤਮ
ਘਟਾ ਬਰਸ ਕੇ ਵੀ ਜਲਾਂਦੀ ਰਹੇਗੀ।
ਤੇਰੀ ਯਾਦ ਨੇ ਮੈਨੂੰ ਬੇਹਾਲ ਕੀਤੈ
ਮੇਰੀ ਯਾਦ ਵੀ ਤੈਨੂੰ ਆਂਦੀ ਰਹੇਗੀ।

•• ਸਦਾ ਤੋਂ ਜਵਾਨੀ ਦੀ ਗਰਮੀ ਦੀ ਰੁੱਤੇ
ਤਾਂ ਜਜ਼ਬੇ ਦੀ ਹਾਂਡੀ ਹੈ ਖਾਂਦੀ ਉਬਾਲੇ।
ਦਿਨੇ ਹੋਰ, ਸ਼ਾਮੀਂ ਕੋਈ ਹੋਰ, ਰਾਤੀਂ
ਕਿਸੇ ਹੋਰ ਨੂੰ ਦਿਲ ਦੀ ਧੜਕਣ 'ਚ ਭਾਲੇ।
ਕਿ ਹਿਰਦੇ 'ਚ ਵੱਸੀ ਪ੍ਰੀਤੀ ਨੂੰ, ਆਰੀ ਨੇ
ਜਜ਼ਬੇ ਤੇਰੇ ਵੀ ਪਛਾਨਣ ਤੋਂ ਢੋਲਾ।
ਤੇਰੇ ਦਿਲ ਦੀ ਵਾਦੀ ਦੇ ਹਿਰਨਾਂ ਨੇ ਹਾਲੀ
ਬਹੁਤ ਭਟਕਣਾ ਹੈ ਕਥੂਰੀ ਦੁਆਲੇ।

ਜਦੋਂ ਤੇਰੇ ਹਿਰਦੇ 'ਚੋਂ ਆਊਗੀ ਖ਼ੁਸ਼ਬੂ
ਵਫ਼ਾ ਦੀ, ਉਦੋਂ ਆਪਣੇ ਦਿਲ ਵਿੱਚੋਂ ਟੋਲੀਂ।
ਕਿਤੇ ਸੱਤਾਂ ਤਹਿਆਂ ਦੇ ਹੇਠੋਂ ਮਿਲੂਗਾ
ਮੇਰਾ ਪਿਆਰ ਸੁੱਤਾ, ਤੂੰ ਹਿਰਦਾ ਫਰੋਲੀਂ।
ਤੇ ਉਹ ਪਿਆਰ ਲੈ ਕੇ ਜਦੋਂ ਵੀ ਤੂੰ ਆਇਆ
ਮੈਂ ਨਜ਼ਰਾਂ ਵਿਛਾਵਾਂਗੀ ਰਾਹਾਂ 'ਚ ਤੇਰੇ।
ਤੂੰ ਡੀਕਾਂ ਲਗਾਕੇ ਪੀਆ ਮੈਨੂੰ ਪੀਵੀਂ
ਮੈਂ ਘੁਲਦੀ ਹੀ ਜਾਵਾਂਗੀ ਸਾਹਾਂ 'ਚ ਤੇਰੇ।

ਇਹ ਬਾਂਦੀ ਹੈ ਤੇਰੀ, ਮੇਰੀ ਪ੍ਰੀਤ 'ਸੰਧੂ'
ਤੇ ਜੁੱਗਾਂ-ਜੁੱਗਾਂ ਤੀਕ ਬਾਂਦੀ ਰਹੇਗੀ।
ਤੇਰੀ ਯਾਦ ਨੇ ਮੈਨੂੰ ਬੇਹਾਲ ਕੀਤੈ
ਮੇਰੀ ਯਾਦ ਵੀ ਤੈਨੂੰ ਆਂਦੀ ਰਹੇਗੀ।

(30-8-69)

## ਸ਼ਿਵ ਬਟਾਲਵੀ ਨੂੰ

ਵਾਸਤਾ ਈ ਸਾਡਾ, ਸਾਡੇ ਦਿਲਾਂ ਦਿਆ ਮਹਿਰਮਾ ਵੇ
ਫੁੱਲੀਆਂ ਕਨੇਰਾਂ ਘਰ ਆ।
ਅਸੀਂ ਪਛਤਾਏ ਤੈਨੂੰ ਕਰਕੇ ਨਰਾਜ਼ ਬੀਬਾ
ਹਾੜ੍ਹਾ ਸਾਡੀ ਬਖ਼ਸ਼ ਖ਼ਤਾ।

ਗ਼ਮ ਤੇਰਾ ਸਾਡੇ ਤੋਂ ਵਰਾਇਆ ਨਹੀਓਂ ਜਾਂਦਾ ਚੰਨਾ
ਆਪ ਆ ਕੇ ਏਸ ਨੂੰ ਵਰਾ।
ਪੀੜ ਤੇਰੀ ਝੱਲੀ, ਝੱਲੀ ਜਾਂਦੀ ਨਹੀਓਂ ਸਾਡੇ ਕੋਲੋਂ
ਆ ਕੇ ਫੰਬਾ ਚੁੰਮਣਾਂ ਦਾ ਲਾ।

'ਪੀੜਾਂ ਦਾ ਪਰਾਗਾ' ਤੇਰਾ, ਰੜ੍ਹ ਚੁੱਕੈ ਸੋਹਣਿਆਂ ਵੇ
ਆਹ ਲੈ ਝੋਲੀ ਆਪਣੀ ਪੁਆ।
'ਆਟੇ ਦੀਆਂ ਚਿੜੀਆਂ' ਨੇ ਪਾਉਂਦੀਆਂ ਦੁਹਾਈ ਬੀਬਾ
'ਸਾਨੂੰ ਚਿੜੀ-ਮਾਰਾਂ ਤੋਂ ਬਚਾ।'

ਛੱਜ ਵਿੱਚ ਪਾ ਕੇ ਛੱਟੀ 'ਲਾਜਵੰਤੀ' ਨਿੰਦਕਾਂ ਨੇ
ਲਾਹ ਕੇ ਲੱਜ, ਵੇਚ ਕੇ ਹਯਾ।
ਡੁੱਸ ਡੁੱਸ ਰੋਵੇ ਤੇਰੀ 'ਲੂਣਾ' ਫੇਰ ਪੂਰਨਾ ਵੇ
ਅੰਗ ਇਹਦੇ ਅੰਗਾਂ ਨੂੰ ਛੁਹਾ।

ਗ਼ਮ ਤੇਰਾ ਭੰਡਿਆ ਸੀ ਜਿਹਨਾਂ ਤੇਰੇ ਦੋਖੀਆਂ ਨੇ
ਕਹਿਕੇ- ਢੌਂਗ ਰਚ ਹੈ ਰਿਹਾ।
ਉਹਨਾਂ ਨੇ ਵੀ ਪਿੱਟ-ਪਿੱਟ ਲਾਲ ਕੀਤੀ ਹਿੱਕ ਚੰਨਾ
ਗ਼ਮ ਤੇਰਾ ਜਾਵੇ ਨਾ ਸਿਹਾ।

ਉਹਨਾਂ ਸ਼ਰਧਾਂਜਲੀਆਂ ਮਰਸੀਏ ਲਿਖ ਲਿਖ
ਚਿੱਠਿਆਂ 'ਚ ਦਿੱਤੇ ਨੇ ਛਪਾ।
ਨਾਮ ਤੇਰਾ ਲੈ ਕੇ, ਉੱਚੀ ਧਾਹ ਮਾਰ ਸੋਚਦੇ ਨੇ
'ਕੱਦ ਸਾਡਾ ਉੱਚਾ ਹੋ ਗਿਆ।'

ਵੇਖ ਕੇ ਬੁਲੰਦੀ ਤੇਰੀ, ਲੱਥਦੀ ਸੀ ਪੱਗ, ਕਈਆਂ
ਵੇਖੋ-ਵੇਖੀ ਪੱਗ ਲਈ ਲੁਹਾ।
'ਮੈਂ ਅਤੇ ਮੈਂ' ਉੱਤੇ ਮੈਂ-ਮੈਂ ਤੂੰ-ਤੂੰ ਕੀਤੀ ਉਹਨਾਂ
ਜਿਨ੍ਹਾਂ ਲੱਗੀ ਕਾਲਜੇ ਨੂੰ ਭਾਅ।

ਨਾਨਕ ਫ਼ਕੀਰ ਨੂੰ ਵੀ ਆਖਿਆ 'ਕੁਰਾਹੀਆ' ਜਿਹਨਾਂ
ਬੀਬਾ! ਕਾਹਦਾ ਉਹਨਾਂ 'ਤੇ ਗਿਲਾ?
ਕਲਾ ਦੇ ਪੁਜਾਰੀਆਂ ਨੇ ਜੰਮਦੀ ਕਲਮ ਤੇਰੀ
ਚੁੰਮ ਲਈ ਸੀ ਅੱਖਾਂ ਨੂੰ ਛੁਹਾ।

ਸਾਂਭ ਆ ਕੇ ਹੰਝੂਆਂ 'ਚ ਡੁੱਬੀ ਹੋਈ ਲੇਖਣੀ ਨੂੰ
ਲੈਂਦੀ ਭੈੜੀ ਉੱਭੇ-ਉੱਭੇ ਸਾਹ।
ਰੁੱਖੇ-ਰੁੱਖੇ ਅੱਖਰਾਂ 'ਚ ਕਾਨੀਆਂ ਦੀ ਜੀਭ ਸੁੱਕੀ
ਇੱਕ ਛਿੱਟ ਚਾਨਣੀ ਪਿਲਾ।

ਵਾਸਤਾ ਈ ਸਾਡਾ, ਸਾਡੇ ਦਿਲਾਂ ਦਿਆ ਮਹਿਰਮਾ ਵੇ
ਫੁੱਲੀਆਂ ਕਨੇਰਾਂ ਘਰ ਆ।
ਅਸੀਂ ਪਛਤਾਏ ਤੈਨੂੰ ਕਰਕੇ ਨਰਾਜ਼ ਬੀਬਾ
ਹਾੜਾ ਸਾਡੀ ਬਖ਼ਸ਼ ਖ਼ਤਾ।

(29-5-73)

## ਬਸੰਤ

(ਖਾੜਕੂਵਾਦ ਦੇ ਸਮੇਂ ਸੰਨ 1993 ਦੀ ਬਸੰਤ ਤੱਕ ਕੁੱਲ 10 ਕੁ ਪ੍ਰਤੀਸ਼ਤ ਵੋਟਾਂ ਲੈ ਕੇ ਇੱਕ ਨਹਾਇਤ ਹੀ ਨਜਾਇਜ਼ ਕਾਂਗਰਸੀ ਸਰਕਾਰ ਸ. ਬਿਅੰਤ ਸਿੰਘ ਦੀ ਅਗਵਾਈ ਹੇਠ ਬਣ ਚੁੱਕੀ ਸੀ ਪਰ ਅਮਨ ਅਜੇ ਦੂਰ ਦੀ ਗੱਲ ਦਿੱਸਦਾ ਸੀ। ਜਿੱਥੇ ਕਈ ਸਾਲਾਂ ਤੋਂ ਖਾੜਕੂ ਅਤੇ ਪੁਲੀਸ ਦੇ ਜਬਰ ਦਾ ਸ਼ਿਕਾਰ ਹੋ ਕੇ ਜੰਤਾ ਦੋਹਾਂ ਪੁੜਾਂ ਵਿੱਚ ਪਿਸ ਰਹੀ ਸੀ, ਉੱਥੇ ਉਦੋਂ ਤੱਕ ਇੱਕ ਤੀਜਾ ਪੁੜ ਵੀ ਤਿਆਰ ਹੋ ਕੇ ਪੂਰੀ ਤਰ੍ਹਾਂ ਸਰਗਰਮ ਸੀ। ਇਹ ਸੀ 'ਕਾਲੇ-ਕੱਛਿਆਂ' ਵਾਲਿਆਂ ਦੇ ਨਾਮ ਹੇਠ ਪੂਰੇ ਟ੍ਰੇਂਡ ਡਾਕੂ ਜੋ ਜਦੋਂ ਵੀ ਕਿਤੇ ਫੜ੍ਹੇ ਗਏ, ਪੁਲੀਸ ਦੇ ਹੀ ਆਦਮੀ ਸਾਬਤ ਹੋਏ ਤੇ ਲੋਕਾਂ ਦੇ ਰੋਹ ਤੋਂ ਪੁਲੀਸ ਨੇ ਹੀ ਛੁਡਾਏ। ਭਾਵੇਂ ਇਸ ਡਾਕੂ-ਟੋਲੇ ਨੇ ਲੁੱਟ-ਮਾਰ, ਕਤਲੋ-ਗਾਰਤ ਅਤੇ ਧੀਆਂ-ਭੈਣਾਂ ਦੀ ਇੱਜ਼ਤ ਰੋਲ ਕੇ ਪੰਜਾਬੀਆਂ ਦੇ ਨੱਕ ਵਿੱਚ ਦਮ ਕੀਤਾ ਹੋਇਆ ਸੀ ਪਰ ਬਿਅੰਤ ਸਿੰਘ ਸਦਾ ਇਹਨਾਂ ਦੀ ਹੋਂਦ ਤੋਂ ਇਨਕਾਰੀ ਰਿਹਾ। ਪੇਸ਼ ਹੈ ਇਸ ਨਜ਼ਮ ਰਾਹੀਂ ਉਸ ਦੌਰ ਦੀ ਵਿਅਥਾ।)

ਜਦ ਵੀ ਰੁੱਤ ਬਸੰਤ-ਬਹਾਰ ਆਵੇ, ਫੁੱਲ ਵੇਖੀਦੇ ਖਿੜੇ ਬੇਅੰਤ, ਸੰਧੂ!
ਲਗਰਾਂ ਲਿਫਦੀਆਂ ਫੁੱਲਾਂ ਦੇ ਭਾਰ ਪੈ ਕੇ, ਮਹਿਕਾਂ ਛੱਡਦੇ ਫੁੱਲ ਅਨੰਤ, ਸੰਧੂ!
ਗੋਰੀ ਆਪਣੇ ਕੰਤ ਨੂੰ ਲਿਖੇ ਚਿੱਠੀ, ਛੁੱਟੀ ਲੈ ਕੇ ਪਹੁੰਚਦੈ ਕੰਤ, ਸੰਧੂ!
ਧਰਤੀ ਜਦੋਂ ਸ਼ਕੁੰਤਲਾ ਬਣੀ ਹੋਵੇ, ਕਿੱਦਾਂ ਆਵੇ ਨਾ ਭੱਜਾ ਦੁਸ਼ਿਅੰਤ, ਸੰਧੂ!
ਲੇਕਿਨ ਏਥੇ ਬਸੰਤ ਦੀ ਰੁੱਤ ਵਿਚ ਵੀ
ਸਹਿਮੇ ਪਏ ਸਾਰੇ ਜੀਆ-ਜੰਤ, ਸੰਧੂ!
ਹੋਲੀ ਖ਼ੂਨ ਦੀ ਖੇਡੇ ਪੰਜਾਬ ਹਾਲੀ,
ਹਾਲੀ ਦੂਰ ਏ ਸਾਡੀ ਬਸੰਤ, ਸੰਧੂ!

ਪਾਣੀ ਲੈਣ ਦੀ ਗੱਲ ਤੋਂ ਗੱਲ ਤੁਰਕੇ, ਜਾਨ ਲੈਣ ਦੀ ਗੱਲ 'ਤੇ ਗੱਲ ਪਹੁੰਚੀ।
ਗਲ਼ੋਂ ਲਾਹ ਕੇ ਸੁੱਟਿਆ ਕਿਸੇ ਨੇ ਤਾਂ, ਗਲ਼ ਪੈਣ ਦੀ ਗੱਲ 'ਤੇ ਗੱਲ ਪਹੁੰਚੀ।
ਕਈ ਵਾਰ ਤੋੜੀ ਤੋੜਨ ਵਾਲਿਆਂ ਨੇ, ਅਮਨ-ਚੈਣ ਦੀ ਗੱਲ 'ਤੇ ਗੱਲ ਪਹੁੰਚੀ।
ਧਰਤੀ-ਮਾਂ ਦੀ ਜਦੋਂ ਵੀ ਗੱਲ ਛੇੜੀ, ਮੌਤ-ਡੈਣ ਦੀ ਗੱਲ 'ਤੇ ਗੱਲ ਪਹੁੰਚੀ।
ਹੱਕ-ਸੱਚ ਦਾ ਫ਼ੈਸਲਾ ਕਰਨ ਦੀ ਗੱਲ,
ਕੁਚਲ ਦੇਣ ਉੱਤੇ ਟੁੱਟੀ ਅੰਤ, ਸੰਧੂ!
ਹੋਲੀ ਖ਼ੂਨ ਦੀ ਖੇਡੇ ਪੰਜਾਬ ਹਾਲੀ,
ਹਾਲੀ ਦੂਰ ਏ ਸਾਡੀ ਬਸੰਤ, ਸੰਧੂ!

ਸਾਡੇ ਦੁੱਧ ਵਿਚ ਨੇ ਕਾਂਜੀ ਘੋਲ ਦੇਂਦੇ, ਕਦੀ ਉਹ ਆ ਕੇ, ਕਦੀ ਉਹ ਆ ਕੇ।
ਧੀਆਂ-ਭੈਣਾਂ ਦੀ ਪੱਤ ਨੇ ਰੋਲ ਦੇਂਦੇ, ਕਦੀ ਉਹ ਆ ਕੇ, ਕਦੀ ਉਹ ਆ ਕੇ।
ਇੱਕ ਇੱਕ ਨੇ ਕੱਪੜਾ ਫੋਲ ਦੇਂਦੇ, ਕਦੀ ਉਹ ਆ ਕੇ, ਕਦੀ ਉਹ ਆ ਕੇ।
ਸੁੱਤੇ-ਬੈਠਿਆਂ ਮਾਰ ਅਣਭੋਲ ਦੇਂਦੇ, ਕਦੀ ਉਹ ਆ ਕੇ, ਕਦੀ ਉਹ ਆ ਕੇ।
ਡਾਕੇ ਪਿੰਡਾਂ ਦੇ ਵਿੱਚ ਨੇ ਨਿੱਤ ਪੈਂਦੇ,
ਗੱਲਾਂ ਮਾਰਦਾ ਫਿਰਦੈ 'ਬਿਅੰਤ', ਸੰਧੂ!
ਹੋਲੀ ਖ਼ੂਨ ਦੀ ਖੇਡੇ ਪੰਜਾਬ ਹਾਲੀ,
ਹਾਲੀ ਦੂਰ ਏ ਸਾਡੀ ਬਸੰਤ, ਸੰਧੂ!

ਹੁਣ ਨਹੀਂ ਘੋੜੀਆਂ ਅਤੇ ਸੁਹਾਗ ਸੁਣਦੇ, ਹਰ ਇਕ ਪਾਸੇ ਨੇ ਸੁਣੀਂਦੇ ਵੈਣ ਅੱਜ-ਕੱਲ੍ਹ।
ਵੀਰ ਭੈਣਾਂ ਦੀਆਂ ਇੱਜ਼ਤਾਂ ਲੁੱਟਦੇ ਨੇ, ਬੰਨ੍ਹੇਂ ਰੱਖੜੀ ਕਿਨ੍ਹਾਂ ਨੂੰ ਭੈਣ ਅੱਜ-ਕੱਲ੍ਹ।
ਸੁਬਾਹ ਵੇਖੀਦੀ ਜਦੋਂ ਅਖ਼ਬਾਰ ਤਾਜ਼ੀ, ਵੇਖ ਮੂਰਤਾਂ ਦੰਦਲਾਂ ਪੈਣ ਅੱਜ-ਕੱਲ੍ਹ।
ਤ੍ਰਾਹ ਨਿਕਲਦੈ ਸਾਰੇ ਪਰਿਵਾਰ ਦਾ ਹੀ, ਜਦੋਂ ਆਉਂਦਾ ਏ ਚਿੱਠੀ-ਰਸੈਣ ਅੱਜ-ਕੱਲ੍ਹ।
ਮਸਲਾ ਬਹੁਤ ਲਮਕਾਉਣਾ ਨਹੀਂ ਠੀਕ ਹੁੰਦਾ,
ਹੱਲ ਮੰਗਦੈ ਜਿਹੜਾ ਤੁਰੰਤ, ਸੰਧੂ!
ਹੋਲੀ ਖ਼ੂਨ ਦੀ ਖੇਡੇ ਪੰਜਾਬ ਹਾਲੀ,
ਹਾਲੀ ਦੂਰ ਏ ਸਾਡੀ ਬਸੰਤ, ਸੰਧੂ!

ਕਦੀ ਸਾਡੇ ਪੰਜਾਬ ਦੇ ਮਾਮਲੇ 'ਤੇ, ਕੀਤੀ ਜਾਏਗੀ ਜਦੋਂ ਵਿਚਾਰ ਖੁੱਲ੍ਹ ਕੇ।
ਹੱਕਦਾਰ ਨੂੰ ਮਿਲੂਗਾ ਹੱਕ ਜਿਸ ਦਿਨ, ਲੋਟੂ ਹੋਣਗੇ ਜਦੋਂ ਖ਼ੁਵਾਰ ਖੁੱਲ੍ਹ ਕੇ।
ਓਦੋਂ ਮਹਿਕੂ ਪੰਜਾਬ ਗੁਲਾਬ ਵਾਂਗੂੰ, ਓਦੋਂ ਆਊ ਬਸੰਤ-ਬਹਾਰ ਖੁੱਲ੍ਹ ਕੇ।
ਨਾਕੇ, ਡਾਕੇ, ਪਟਾਕੇ ਜਦ ਬੰਦ ਹੋ ਗਏ, ਓਦੋਂ ਹੋਣਗੇ ਕਵੀ-ਦਰਬਾਰ ਖੁੱਲ੍ਹ ਕੇ।
ਸੁੱਖ ਮੰਗੀਏ ਆਉਂਦੀ ਬਸੰਤ ਤੀਕਣ,
ਸੁਖੀ ਹੋਣ ਸਾਰੇ ਜੀਆ-ਜੰਤ, ਸੰਧੂ!
ਹੋਲੀ ਖ਼ੂਨ ਦੀ ਖੇਡੇ ਪੰਜਾਬ ਹਾਲੀ,
ਹਾਲੀ ਦੂਰ ਏ ਸਾਡੀ ਬਸੰਤ, ਸੰਧੂ!

(31-1-93)

## ਮਾਫ਼ ਕਰ ਦੇਣਾ

(ਜਿਵੇਂ ਕਿ ਮੁੱਖ-ਬੰਧ ਵਿੱਚ ਕਿਹਾ ਜਾ ਚੁੱਕਿਆ ਹੈ ਕਿ ਕਾਫ਼ੀਆ-ਰਦੀਫ਼ ਕਵਿਤਾ ਲਈ ਕੇਵਲ ਅਲੰਕਾਰ (ਜ਼ੇਵਰ) ਦਾ ਹੀ ਕੰਮ ਕਰਦੇ ਹਨ, ਕਵਿਤਾ ਦੀ ਅਸਲ ਪਹਿਚਾਨ ਉਸ ਦੀ ਲੈਅ ਵਿੱਚ ਹੈ। ਇਸ ਕਵਿਤਾ ਵਿੱਚ ਵੀ ਕਾਫ਼ੀਆ ਤਾਂ ਬੇਸ਼ਕ ਨਹੀਂ ਹੈ ਲੇਕਿਨ ਫਿਰ ਵੀ ਇਹ ਇੱਕ ਬੱਝਵੀਂ ਲੈਅ ਵਿੱਚ ਚੱਲਦੀ ਹੈ ਅਤੇ 'ਬਹਿਰ ਰਮਲ ਮੁਸੱਦਸ ਮਹਿਜ਼ੂਫ' ਦੇ ਵਜ਼ਨ ਵਿੱਚ ਹੈ। ਇਸ ਵਿੱਚ ਲਗਾਤਾਰ 'ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ' ਰੁਕਨ ਇਸਤੇਮਾਲ ਹੋ ਰਹੇ ਹਨ। ਇਉਂ ਇਹ ਇੱਕ ਮੁਕੰਮਲ ਨਜ਼ਮ ਹੈ, ਇਸ ਨੂੰ ਖੁੱਲ੍ਹੀ ਨਜ਼ਮ ਨਾ ਸਮਝ ਲੈਣਾ।)

ਮਾਫ਼ ਕਰ ਦੇਣਾ ਓ ਮੇਰੇ ਦੋਸਤੋ!<br>
ਕਿ ਤੁਹਾਡੇ ਤੋਂ ਬਹੁਤ ਪਿੱਛੇ ਹਾਂ ਮੈਂ<br>
ਮੈਂ ਤੁਹਾਡਾ ਸਾਥ ਦੇ ਸਕਦਾ ਨਹੀਂ<br>
ਮਾਫ਼ ਕਰਨਾ, ਮੈਂ ਬੜਾ ਮਜਬੂਰ ਹਾਂ।

ਮੈਂ ਤਹਾਡੇ ਵਾਂਗ ਬਹਿਕੇ ਮਹਿਫ਼ਿਲੀਂ<br>
ਠੇਕਿਆਂ ਵਿਚ, ਪਾਰਕੀਂ, ਕੌਫ਼ੀ-ਘਰੀਂ<br>
ਯੁੱਗ-ਪਲਟੂ ਲਫ਼ਜ਼ ਮਲ ਕੇ ਜੀਭ 'ਤੇ<br>
ਇਨਕਲਾਬੀ ਦਮਗਜੇ ਨਹੀਂ ਮਾਰਦਾ।

ਜੋ ਤੁਸੀਂ ਕਹਿੰਦੇ ਓ, ਬਿਲਕੁਲ ਠੀਕ ਹੈ<br>
ਪੈਸਿਆਂ ਦੇ ਨਾਲ ਚੋਣਾਂ ਜਿੱਤ ਕੇ<br>
ਜੋ ਬਣੇ ਸਰਕਾਰ, ਉਹ ਸਰਕਾਰ ਨਈਂ<br>
ਅਫ਼ਸਰਾਂ ਤੋਂ ਵੀ ਤੁਸੀਂ ਬਹੁ-ਤੰਗ ਹੋ।

ਫੇਰ ਵੀ ਤਾਂ ਦੋਸਤੋ, ਮੈਂ ਦੇਖਦਾਂ<br>
ਆਪਣੀ, ਪਤਨੀ ਦੀ, ਰਿਸ਼ਤੇਦਾਰ ਦੀ<br>
ਬਦਲੀ ਕਰਵਾਉਣੀ ਤੁਸੀਂ ਜਦ ਲੋੜਦੇ<br>
ਮੰਤਰੀ ਦੇ ਦਸਖ਼ਤਾਂ ਨੂੰ ਟੋਲਦੇ।

ਐੱਮ. ਐੱਲ. ਏ. ਦੇ ਕਹਾਏ ਤੋਂ ਬਿਨਾਂ<br>
ਜਾਂ ਕਿਤੇ ਪੈਸੇ ਚੜ੍ਹਾਏ ਤੋਂ ਬਿਨਾਂ<br>
ਸ਼ਾਦੀਆਂ ਲਈ ਖੰਡ* ਜਦ ਮਿਲਦੀ ਨਹੀਂ,<br>
ਤਾਂ ਤੁਸੀਂ ਕਰਦੇ ਓ ਜੋ, ਸਭ ਜਾਣਦਾਂ।

* ਸੰਨ 1973 ਵਿੱਚ ਖੰਡ ਅਤੇ ਸੀਮਿੰਟ ਵੀ ਪਰਮਿਟ 'ਤੇ ਮਿਲਿਆ ਕਰਦਾ ਸੀ ਤੇ ਪਰਮਿਟ ਲੈਣ ਲਈ ਸੌ ਸੌ ਪਾਪੜ ਵੇਲਣੇ ਪੈਂਦੇ ਸਨ।

ਦੋਸਤੋ, ਮੈਂ ਦੇਖਿਐ ਅੱਖੀਂ ਸਦਾ
ਏ. ਸੀ. ਆਰਾਂ ਦੇ ਲਿਖਾਉਣ ਵਾਸਤੇ
ਅਫ਼ਸਰਾਂ ਦੇ ਹੇਠ ਵਿਛਦੀ ਜਾ ਰਹੀ
ਆਪਜੀ ਦੀ ਅਣਖ ਤੇ ਸਵੈਮਾਣ ਨੂੰ।

ਜਦ 'ਕ੍ਰਾਂਤੀਕਾਰ' ਦੀ ਬੀਵੀ ਕਿਤੇ
ਦੂਰ ਸਰਵਿਸ ਕਰਨ ਜਾਂਦੀ, ਆਮ ਲੇਟ
ਦੋ-ਟਕੇ ਦੇ ਓਸ ਦੇ ਵੀ ਬਾਸ ਨੂੰ
ਵ੍ਹਿਸਕੀਆਂ ਤੇ ਮੀਕਣਾਂ ਨੇ ਚੜ੍ਹਦੀਆਂ।

ਮਾਫ਼ ਕਰ ਦੇਣਾ ਓ ਮੇਰੇ ਦੋਸਤੋ!
ਕਿ ਤੁਹਾਡੇ ਤੋਂ ਬਹੁਤ ਪਿੱਛੇ ਹਾਂ ਮੈਂ
ਮੈਂ ਤੁਹਾਡਾ ਸਾਥ ਦੇ ਸਕਦਾ ਨਹੀਂ
ਮਾਫ਼ ਕਰਨਾ, ਮੈਂ ਬੜਾ ਮਜਬੂਰ ਹਾਂ।

ਮਾਫ਼ ਕਰ ਦੇਣਾ ਓ ਮੇਰੇ ਦੋਸਤੋ!
ਕਿ ਤੁਹਾਡੇ ਤੋਂ ਬਹੁਤ ਪਿੱਛੇ ਹਾਂ ਮੈਂ
ਮੈਂ ਤਾਂ ਜੋ ਕਰਦਾ ਹਾਂ, ਓਹੀ ਆਖਦਾਂ
ਮੈਂ ਤਾਂ ਜੋ ਕਹਿੰਦਾ ਹਾਂ, ਕਰਦਾ ਹਾਂ ਉਹੀ

ਮੈਂ ਤਾਂ ਸਾਲਾਨਾ-ਤਰੱਕੀ ਵਾਸਤੇ
ਹਿੱਸਾ-ਪੱਤੀ ਮੰਗਦੇ ਕਲਰਕ ਦੇ
ਹੱਥ ਉੱਤੇ ਥੁੱਕ ਦੇਣਾ ਜਾਣਦਾਂ
ਬਾਸ ਮੇਰੇ 'ਤੇ ਬਹੁਤ ਨਾਰਾਜ਼ ਹੈ।

ਹੱਕ ਨੂੰ ਨਹੀਂ ਸੀਸ ਦੇ ਸਕਦਾ ਅਜੇ
ਜ਼ਿੰਦਗੀ ਦੇ ਫ਼ਰਜ਼ ਮੈਨੂੰ ਹੋੜਦੇ
ਸੀਸ ਜੋ ਦਿੰਦੇ ਨੇ, ਉਹ ਤਾਂ ਧੰਨ ਨੇ
ਮੈਂ ਉਨ੍ਹਾਂ ਅੱਗੇ ਝੁਕਾ ਦਿੰਦਾ ਹਾਂ ਸਿਰ।

ਹਾਂ- ਮਗਰ ਏਨਾ ਤਾਂ ਕਰਦਾ ਜਾ ਰਿਹਾਂ
ਦੇਸ਼ ਦੀ ਛੋਟੀ ਪਨੀਰੀ ਦੇ ਦਿਲੀਂ
ਹੱਕ ਤੇ ਇਨਸਾਫ਼ ਭਰਦਾ ਜਾ ਰਿਹਾਂ
ਰੌਸ਼ਨੀ ਵੰਡਦਾ ਹਾਂ ਮੈਂ ਉਹਨਾਂ ਦੇ ਵਿਚ।

ਮਾਫ਼ ਕਰ ਦੇਣਾ ਓ ਮੇਰੇ ਦੋਸਤੋ!
ਕਿ ਤੁਹਾਡੇ ਤੋਂ ਬਹੁਤ ਪਿੱਛੇ ਹਾਂ ਮੈਂ
ਮੈਂ ਤੁਹਾਡਾ ਸਾਥ ਦੇ ਸਕਦਾ ਨਹੀਂ
ਮਾਫ਼ ਕਰਨਾ ਮੈਂ ਬੜਾ ਮਜਬੂਰ ਹਾਂ।

(18-3-73)

## ਜ਼ਾਤ ਅਤੇ ਜਮਾਤ

ਮੇਰੇ ਦੇਸ਼ ਦੇ ਕਾਮਿਓਂ ਅਕਲਮੰਦੋ,
ਸਾਡੇ ਵਿੱਚ ਭੁਲੇਖੇ ਜੋ ਪਾਏ ਹੋਏ ਨੇ।
ਆਉ ਇਹਨਾਂ ਦਾ ਕੁਝ ਇਲਾਜ ਕਰੀਏ,
ਰੋਗ ਆਪ ਹੀ ਜਿਹੜੇ ਲਗਾਏ ਹੋਏ ਨੇ।
ਅਸਲੀ ਸਾਥੀਆਂ ਤਾਈਂ ਦੁਰਕਾਰਦੇ ਹਾਂ,
ਖ਼ੂਨ ਪੀਣ ਵਾਲੇ ਗਲ਼ੀਂ ਲਾਏ ਹੋਏ ਨੇ।
ਘਰੋਂ ਕੱਢ ਕੇ ਆਪਣੇ ਵੀਰਿਆਂ ਨੂੰ,
ਚੌਂਕੇ ਵਿੱਚ ਬਘਿਆੜ ਬਿਠਾਏ ਹੋਏ ਨੇ।
ਅਸਲੀ ਸਾਂਝ ਹੁੰਦੀ ਯਾਰੋ ਕਿਰਤ ਵਾਲੀ,
ਖ਼ੂਨ, ਜਾਤ, ਬਰਾਦਰੀ ਨਿਰਾ ਧੋਖਾ।
ਜਿੰਨੀ ਦੇਰ ਨਹੀਂ ਲੋੜਾਂ ਦੀ ਸਾਂਝ ਪੈਂਦੀ,
ਓਨੀ ਦੇਰ ਬਰਾਬਰੀ ਨਿਰਾ ਧੋਖਾ।

ਤੇਰੇ ਕੋਲ ਜੇ ਚਾਰ ਸਿਆੜ ਹੀ ਨਹੀਂ,
ਕਾਹਦਾ ਜੱਟ ਤੇ ਕੀ ਸਰਦਾਰੀਆਂ ਨੇ ?
ਮੱਕੀ ਡੇਢ ਕਨਾਲ ਹੈ ਕੁੱਲ ਬੀਜੀ,
ਚਾਰੇ ਵਾਸਤੇ ਢਾਈ ਕਿਆਰੀਆਂ ਨੇ।
ਆਏ ਸਮੇਂ ਮਰਦੈ ਪਸ਼ੂ ਵਗਣ ਵਾਲਾ,
ਮਾਰਾਂ ਭੁੱਖ ਨੇ ਐਸੀਆਂ ਮਾਰੀਆਂ ਨੇ।
ਮੁੰਡੇ-ਗੱਭਰੂ ਨੂੰ ਕੋਈ ਨਹੀਂ ਸਾਕ ਆਉਂਦਾ,
ਕੋਠੇ ਜਿੱਡੀਆਂ ਧੀਆਂ ਕੁਆਰੀਆਂ ਨੇ।
ਜੇ ਤੂੰ ਫੇਰ ਵੀ ਆਖੇਂ, " ਮੈਂ ਜੱਟ ਹੁੰਨਾਂ,
ਮੈਂ ਨਹੀਂ ਕੰਮੀਆਂ ਨੂੰ ਕੋਲ ਬਹਿਣ ਦੇਣਾ।"
ਤਾਂ ਫਿਰ ਸੋਚ ਲੈ ਸਾਥੀਆ, ਸਾਥ ਬਾਝੋਂ
ਤੈਨੂੰ ਵੱਸਦਾ ਕਿਸੇ ਨਹੀਂ ਰਹਿਣ ਦੇਣਾ।

ਜੇ ਕੋਈ ਜਨਮ ਲੈ ਕੇ ਹਰੀਜਨਾਂ ਦੇ ਘਰ,
ਹੇਰਾ-ਫੇਰੀਆਂ ਨਾਲ ਅਮੀਰ ਹੋ ਜਾਏ।
ਪੈਸੇ ਵਾਸਤੇ ਪੈਸੇ ਦਾ ਪੁੱਤ ਵਿਕ ਜਾਏ,
ਜਿਨਸ ਵਾਂਗਰਾਂ ਉਹਦੀ ਜ਼ਮੀਰ ਹੋ ਜਾਏ।
ਝੂਠ ਬੋਲ ਕੇ, ਮਕਰ-ਫ਼ਰੇਬ ਕਰ ਕੇ,
ਮੈਂਬਰ ਬਣੇ ਤੇ ਫੇਰ ਵਜ਼ੀਰ ਹੋ ਜਾਏ।
ਸਾਡੇ ਵਿੱਚੋਂ ਈ ਉੱਠ ਕੇ ਕੋਹੜ-ਕਿਰਲੀ,
ਸਾਡਾ ਖ਼ੂਨ ਪੀ ਕੇ ਜੇ ਸ਼ਤੀਰ ਹੋ ਜਾਏ।
ਤਾਂ ਵੀ ਦੇਸ਼ ਦੇ ਕਾਮਿਓਂ ਕਦੀ ਵੀ ਉਹ,
ਤੁਹਾਡੇ ਨਾਲ ਨਹੀਂ ਕਦਮ ਮਿਲਾ ਸਕਦਾ।
ਜਦੋਂ ਲੋਟੂ ਜਮਾਤ ਦੇ ਗਲ਼ ਪਓਗੇ,
ਤੁਹਾਡੇ ਨਾਲ ਉਹ ਕਦੀ ਨਹੀਂ ਆ ਸਕਦਾ।

ਸਾੜ-ਸਤੀ ਜੇ ਮੁਲਕ 'ਤੇ ਆਈ ਹੋਵੇ,
ਜਾਂ ਮਜ਼ਦੂਰ ਮਰਦੈ ਜਾਂ ਕਿਰਸਾਨ ਮਰਦੈ।
ਪੂੰਜੀ ਵਾਲਿਆਂ ਵਿੱਚ ਲੜਾਈ ਹੋਵੇ,
ਜਾਂ ਮਜ਼ਦੂਰ ਮਰਦੈ ਜਾਂ ਕਿਰਸਾਨ ਮਰਦੈ।
ਯਾਰੋ ਅੱਤ ਦੀ ਜਦੋਂ ਮਹਿੰਗਾਈ ਹੋਵੇ,
ਜਾਂ ਮਜ਼ਦੂਰ ਮਰਦੈ ਜਾਂ ਕਿਰਸਾਨ ਮਰਦੈ।
ਹੜ, ਔੜ ਜਾਂ ਸਰਦੀ, ਗਰਮਾਈ ਹੋਵੇ,
ਜਾਂ ਮਜ਼ਦੂਰ ਮਰਦੈ ਜਾਂ ਕਿਰਸਾਨ ਮਰਦੈ।
ਕਿਹੜਾ ਮੰਨੂੰ ਕਿ ਪੇਟ ਦੀ ਭੁੱਖ ਹੱਥੋਂ,
ਕਿਸੇ ਥਾਂ ਕੋਈ ਲੈਂਡ-ਲਾਡ ਮਰਿਐ।
ਜੇ ਕਰ ਕਹੋ, "ਮਜ਼ਦੂਰ ਕਿਰਸਾਨ ਮਰਿਐ"
ਸਾਰੇ ਕਹਿਣਗੇ, "ਹਾਂ- ਬਾਈ ਗਾਡ, ਮਰਿਐ।"

ਜੱਟ ਕੋਲ ਜੇ ਡੰਗ ਦਾ ਅੰਨ ਹੀ ਨਹੀਂ,
ਉਹਨੂੰ ਕਿਸੇ ਸਰਦਾਰੀ ਦਾ ਭਾਅ ਕੀ ਏ?
ਇੱਜ਼ਤ ਨਾਲ ਜੇ ਉਹਨੂੰ ਨਾ ਮਿਲੇ ਰੋਟੀ,
ਉੱਚੀ ਜਾਤ ਦਾ ਓਸ ਨੂੰ ਚਾਅ ਕੀ ਏ?
ਜਿਹੜਾ ਰੋਗ ਹੈ ਢਿੱਡ ਦੇ ਵਿੱਚ ਲੱਗਾ,
ਬਿਨਾਂ ਅੰਨ ਤੋਂ ਉਹਦੀ ਦਵਾ ਕੀ ਏ?
ਹਰੀਜਨ ਜੇ ਕੋਈ ਵਜ਼ੀਰ ਬਣਿਐਂ,
ਆਪਾਂ, ਕਾਮਿਆਂ ਨੂੰ ਆਸਰਾ ਕੀ ਏ?
ਆਪਾਂ ਅੰਤ ਅਮੀਰਾਂ ਖ਼ਿਲਾਫ਼ ਲੜਨੈਂ,
ਇਹਨਾਂ ਵਾਸਤੇ ਤੀਰ-ਕਮਾਨ ਹੋ ਜਾਉ!
ਏਕਾ ਅੰਤ ਗ਼ਰੀਬਾਂ ਦਾ ਤੋੜ ਚੜ੍ਹਨੈਂ,
'ਕੱਠੇ ਸਾਰੇ ਮਜ਼ਦੂਰ ਕਿਰਸਾਨ ਹੋ ਜਾਉ!

ਜਾਤਾਂ ਕਈ, ਜਮਾਤਾਂ ਨੇ ਦੋ ਕੇਵਲ,
ਇੱਕ ਲੁੱਟਣ ਤੇ ਦੂਜੀ ਲੁਟਾਉਣ ਵਾਲੀ।
ਇੱਕ ਗੱਦੀਆਂ 'ਤੇ ਬਹਿ ਕੇ ਖਾਣ ਵਾਲੀ,
ਹੱਡ ਭੰਨ ਕੇ ਦੂਜੀ ਕਮਾਉਣ ਵਾਲੀ।
ਇੱਕ ਜੇਠ ਦੀ ਲੂਅ ਵਿਚ ਸੜਨ ਵਾਲੀ,
ਦੂਜੀ ਏਅਰ-ਕੰਡੀਸ਼ਨੀਂ ਸੌਣ ਵਾਲੀ।
ਆਪਾਂ ਕਿਹੜੀ ਜਮਾਤ 'ਚੋਂ ਹਾਂ 'ਸੰਧੂ',
ਗੱਲ ਏਹੋ ਹੈ ਸਮਝਣ ਸਮਝਾਉਣ ਵਾਲੀ।
ਜਦੋਂ ਜਾਤ ਨੂੰ ਛੱਡ ਜਮਾਤ ਵਾਲੀ,
ਸਾਂਝ ਲੱਭ ਲੀਤੀ ਆਪਾਂ ਸਾਰਿਆਂ ਨੇ।
ਓਦੋਂ ਮਹਿਲਾਂ ਨੂੰ ਢਾਹ ਕੇ ਢੇਰ ਕਰਨੈਂ,
ਸਾਡੇ ਕੋਠਿਆਂ, ਛੱਪਰਾਂ, ਢਾਰਿਆਂ ਨੇ।

(25-7-73)

## ਜੁਰਮਾਨਾ-ਹਰਜਾਨਾ

ਜੁਰਮਾਨੇ ਤੋਂ ਬਚਣ ਦੀ ਖ਼ਾਤਿਰ,
ਕੁਝ ਹਰਜਾਨਾ ਭਰਨਾ ਈ ਪੈਣੈਂ।
ਦਾਜ-ਖਰਾਸੇ ਪਿਸਦੇ ਵੀਰੋ,
ਹੁਣ ਕੁਝ ਹੀਲਾ ਕਰਨਾ ਈ ਪੈਣੈਂ।

ਰੋਜ਼ ਸਮਾਚਾਰਾਂ ਵਿਚ ਆਉਂਦੈ, ਰੋਜ਼ ਕੁੜੀ ਕੋਈ ਸੜਦੀ ਸੁਣਦਾਂ।
ਰੋਜ਼ ਕੋਈ ਹੱਵਾ ਦੀ ਜਾਈ, ਦਾਜ ਦੀ ਭੇਟਾ ਚੜ੍ਹਦੀ ਸੁਣਦਾਂ।
ਰੋਜ਼ ਕੋਈ ਮਾਸੂਮ ਵਿਚਾਰੀ, ਮੌਤ ਦਾ ਕਲਮਾ ਪੜ੍ਹਦੀ ਸੁਣਦਾਂ।
ਬਾਪ ਦੀ ਮਜਬੂਰੀ ਦੀ ਕਾਲਖ਼, ਦਾਜ ਦੇ ਮੱਥੇ ਮੜ੍ਹਦੀ ਸੁਣਦਾਂ।
ਰੋਜ਼-ਰੋਜ਼ ਦੀ ਏਸ ਕਥਾ ਦਾ,
ਹੁਣ ਹੁੰਗਾਰਾ ਭਰਨਾ ਈ ਪੈਣੈਂ।
ਦਾਜ-ਖਰਾਸੇ ਪਿਸਦੇ ਵੀਰੋ,
ਹੁਣ ਕੁਝ ਹੀਲਾ ਕਰਨਾ ਈ ਪੈਣੈਂ।

ਕਿਉਂ ਧੀ ਦੇ ਜੰਮਦੇ ਹੀ ਹਰ ਇਕ, ਬਾਪ ਦੀ ਗਰਦਨ ਝੁਕ ਜਾਂਦੀ ਹੈ?
ਕਿਉਂ ਧੀਆਂ ਦਾ ਨਾਂ ਲੈਂਦੇ ਹੀ, ਦਿਲ ਦੀ ਧੜਕਣ ਰੁਕ ਜਾਂਦੀ ਹੈ?
ਕਿਉਂ ਧੀ ਦੇ ਪਰਛਾਵੇਂ ਤੋਂ ਹੀ, ਅਣਖ਼ ਵਿਚਾਰੀ ਲੁਕ ਜਾਂਦੀ ਹੈ?
ਸਾਗਰ ਵਾਂਗ ਸ਼ੂਕਦੀ ਗ਼ੈਰਤ, ਧੀ ਦੇ ਸੋਕੇ ਸੁਕ ਜਾਂਦੀ ਹੈ।
ਧੀ ਦਾ ਬਾਪ ਬਣਨ ਦਾ ਸਭ ਨੂੰ,
ਕੀ ਜੁਰਮਾਨਾ ਭਰਨਾ ਈ ਪੈਣੈਂ?
ਦਾਜ-ਖਰਾਸੇ ਪਿਸਦੇ ਵੀਰੋ,
ਹੁਣ ਕੁਝ ਹੀਲਾ ਕਰਨਾ ਈ ਪੈਣੈਂ।

ਹੱਕ-ਹਲਾਲ ਦੀ ਖੱਟੀ ਵਿੱਚੋਂ, ਕਦ ਤਕ ਚੱਟੀ ਭਰਦੇ ਰਹੋਗੇ?
ਕਦ ਤੀਕਣ ਇਸ ਦਾਜ ਦੇ ਪੱਥਰ, ਢੋਂਦੇ-ਢੋਂਦੇ ਮਰਦੇ ਰਹੋਗੇ?
ਕਦ ਤਕ ਕਰਜ਼ਾ ਚੁੱਕ-ਚੁੱਕ ਕੇ, ਲਾਲਚ ਦਾ ਢਿੱਡ ਭਰਦੇ ਰਹੋਗੇ?
ਕਦ ਤਕ ਰਸਮ-ਰਿਵਾਜਾਂ ਕੋਲੋਂ, ਸੰਗਦੇ ਰਹੋਗੇ, ਡਰਦੇ ਰਹੋਗੇ?
ਦਿਲ 'ਤੇ ਪੱਥਰ ਧਰ ਕੇ ਇਕ ਦਿਨ,
ਅੱਗ ਦਾ ਸਾਗਰ ਤਰਨਾ ਈ ਪੈਣੈਂ।
ਦਾਜ-ਖਰਾਸੇ ਪਿਸਦੇ ਵੀਰੋ,
ਹੁਣ ਕੁਝ ਹੀਲਾ ਕਰਨਾ ਈ ਪੈਣੈਂ।

**(ਜੋਬਨ-ਯਾਦਾਂ -52)**

ਕਿਉਂ ਸ਼ਾਦੀ ਨੂੰ ਸੌਦੇ ਵਾਂਗੂੰ, ਤੈਅ ਕਰਦੇ ਹਾਂ ਆਪਾਂ-ਮਾਪੇ?
ਕਿਉਂ ਨਹੀਂ ਇਉਂ ਕਰਦੇ ਕਿ ਹਰ ਦਿਲ, ਅਪਣਾ ਹਾਣੀ ਢੂੰਡੇ ਆਪੇ।
ਜੀਵਨ-ਸਾਥੀ ਉਨੂੰ ਬਣਾਵੇ, ਜੋ ਉਸਦੇ ਖ਼ਿਆਲਾਂ ਦਾ ਜਾਪੇ।
ਮੀਆਂ ਬੀਵੀ ਰਾਜ਼ੀ ਨੇ ਤਾਂ, ਕਾਜ਼ੀ ਕਾਹਨੂੰ ਪਾਉਣ ਸਿਆਪੇ?
ਪ੍ਰੀਤਾਂ ਨੂੰ ਪਰਵਾਨ ਕਰ ਲਵੋ,
ਏਨਾ ਕਸ਼ਟ ਤਾਂ ਜਰਨਾ ਈ ਪੈਣੈਂ।
ਦਾਜ-ਖਰਾਸੇ ਪਿਸਦੇ ਵੀਰੋ,
ਹੁਣ ਕੁਝ ਹੀਲਾ ਕਰਨਾ ਈ ਪੈਣੈਂ।

ਪਿਆਰ ਦਿਲਾਂ ਦਾ ਤਲਬਗ਼ਾਰ ਹੈ, ਪਿਆਰ ਕਦੇ ਨਹੀਂ ਜਾਤ ਮੰਗਦਾ।
ਨਾ ਉਹ ਉੱਚੀ ਕੁੱਲ ਮੰਗਦਾ, ਨਾ ਵੱਡੀ ਬਾਰਾਤ ਮੰਗਦਾ।
ਪ੍ਰੀਤ-ਤਰੰਗਾਂ ਦਾ ਵਣਜਾਰਾ, ਦਾਜ ਦੀ ਨਹੀਂ ਸੌਗ਼ਾਤ ਮੰਗਦਾ।
ਪਿਆਰ ਤਾਂ ਦਾਤਾਂ ਬਖ਼ਸ਼ਣਹਾਰੈ, ਪਿਆਰ ਕਦੋਂ ਹੈ ਦਾਤ ਮੰਗਦਾ?
ਪਿਆਰ ਦੇ ਹਕਦਾਰਾਂ ਦੇ ਹੱਥ 'ਤੇ,
ਉਹਨਾਂ ਦਾ ਹਕ ਧਰਨਾ ਈ ਪੈਣੈਂ।
ਦਾਜ-ਖਰਾਸੇ ਪਿਸਦੇ ਵੀਰੋ,
ਹੁਣ ਕੁਝ ਹੀਲਾ ਕਰਨਾ ਈ ਪੈਣੈਂ।

ਦਾਜ ਦੀ ਬੀਮਾਰੀ ਦਾ ਮਿਤਰੋ, ਇੱਕੋ ਇਹੀ ਇਲਾਜ ਬਣਾਵੋ!
ਅਪਣੀ ਮਰਜ਼ੀ ਕਦੇ ਨਾ ਠੋਸੋ, ਬੱਚਿਆਂ ਨੂੰ ਹਮਰਾਜ਼ ਬਣਾਵੋ!
ਅਪਣੇ ਅੰਦਰ ਦੀ ਆਵਾਜ਼ ਨੂੰ, ਬੱਚਿਆਂ ਦੀ ਆਵਾਜ਼ ਬਣਾਵੋ!
ਸੌਦੇਬਾਜ਼ ਸਮਾਜ ਤਿਆਗੋ, ਇਕ ਹਮਦਰਦ ਸਮਾਜ ਬਣਾਵੋ!
ਨਹੀਂ ਤਾਂ 'ਸੰਧੂ' ਦਾਜ ਦੇ ਹੱਥੋਂ,
ਜੀਦੇਂ-ਜੀ ਵੀ ਮਰਨਾ ਈ ਪੈਣੈਂ।
ਦਾਜ-ਖਰਾਸੇ ਪਿਸਦੇ ਵੀਰੋ,
ਹੁਣ ਕੁਝ ਹੀਲਾ ਕਰਨਾ ਈ ਪੈਣੈਂ।

(1982)

# ਹਰ ਹੀਲੇ ਨ੍ਹਾਉ

(ਪੰਜਾਬੀ ਵਿੱਚ ਹਾਸ-ਰਸੀ ਨਜ਼ਮ ਬਹੁਤ ਘੱਟ ਲਿਖੀ ਜਾ ਰਹੀ ਹੈ। ਜੋ ਲਿਖਦੇ ਵੀ ਹਨ ਉਹਨਾਂ ਦੀ ਨਜ਼ਮ ਸੁਣ ਕੇ ਆਮ ਤੌਰ 'ਤੇ ਹੀ ਹਾਸਾ ਨਹੀਂ ਆਉਂਦਾ। ਇਹ ਨਜ਼ਮ ਅਸਲ ਵਿੱਚ ਤਾਂ ਹਾਸ-ਰਸੀ ਰੰਗ ਵਿੱਚ ਬੱਚਿਆਂ ਵਾਸਤੇ ਲਿਖੀ ਗਈ ਸੀ ਪਰ ਸਿਆਣੀ ਉਮਰ ਦੇ ਸਰੋਤਿਆਂ ਨੇ ਸਗੋਂ ਇਸ ਨੂੰ ਜ਼ਿਆਦਾ ਪਸੰਦ ਕੀਤਾ ਤੇ ਕਈ ਵਾਰ ਮੌਕੇ 'ਤੇ ਹੀ ਇਸ ਦੀਆਂ ਫੋਟੋ-ਸਟੈਟ ਕਾਪੀਆਂ ਕਰਵਾ ਕੇ ਸਰੋਤਿਆਂ ਨੂੰ ਦੇਣੀਆਂ ਪਈਆਂ।)

ਖ਼ਬਰੇ ਕਿੱਥੇ ਇੱਕ ਵਾਰ ਬੁਨਿਆਨ ਖੋ ਗਈ!
ਅੱਗੇ-ਪਿੱਛੇ ਪਤਾ ਨਹੀਂ ਉਹ ਕਿੱਦਾਂ ਹੋ ਗਈ।
ਸਨ ਤਰੀਕਾਂ ਆਖ਼ਰੀ, ਨਾ ਪੱਲੇ ਪਾਈ।
ਬਿਨਾਂ ਬੁਨੈਣੋਂ ਜਾ ਰਿਹਾ ਸਾਂ ਝੱਟ ਲੰਘਾਈ।
ਮਿਲੀ ਜਦੋਂ ਤਨਖ਼ਾਹ ਤਾਂ ਮੈਂ ਭੱਜਾ ਆਇਆ।
ਅਗਰਵਾਲ ਦੀ ਹੱਟੀਓਂ ਬੁਨਿਆਨ ਲਿਆਇਆ।
ਪਾ ਕੇ ਨਵੀਂ ਬੁਨੈਣ ਮੈਂ ਫਿਰਦਾ ਸੀ ਫੁੱਲਿਆ।
ਪਰ ਪਹਿਲੀ ਬੁਨਿਆਨ ਨੂੰ ਹਾਲੀ ਨਹੀਂ ਭੁੱਲਿਆ।
ਦਸ-ਪੰਦਰਾਂ ਦਿਨ ਬੀਤ ਗਏ ਤਾਂ ਸਲਾਹ ਬਣਾਈ।
ਏਸ ਨਵੀਂ ਬੁਨਿਆਨ ਨੂੰ ਹੁਣ ਧੋਈਏ ਭਾਈ।
ਲੈ ਸਾਬਣ, ਮੈਂ ਖੇਤ ਵੱਲ ਬੰਬੀ 'ਤੇ ਆਇਆ।
ਲਾਹ ਬੁਨਿਆਨ, ਮੈਂ ਓਸ 'ਤੇ ਝੱਟ ਸਾਬਣ ਲਾਇਆ।
ਧੋ ਕੇ ਪਾਈ ਸੁੱਕਣੇ, ਸੋਚਿਆ- ਦੁੱਖ ਜਰੀਏ।
ਔਖੇ-ਸੌਖੇ ਅੱਜ ਤਾਂ ਇਸ਼ਨਾਨਾ ਕਰੀਏ।
ਹੋਵਾਂ ਬੰਬੀ ਹੇਠ ਮੈਂ ਫਿਰ ਸਾਬਣ ਲਾਵਾਂ।
ਪਿੰਡਾ ਰਗੜਾਂ ਦੱਬ ਕੇ, ਫਿਰ ਪਾਣੀ ਪਾਵਾਂ।
ਮੈਲ਼ ਦੀਆਂ ਇਉਂ ਲੱਥੀਆਂ ਪਰਤਾਂ ਤੋਂ ਪਰਤਾਂ।
ਜਿਉਂ ਗੰਢੇ ਦੀਆਂ ਛਿੱਲੜਾਂ ਲੱਥਣ ਲਾ ਸ਼ਰਤਾਂ।
ਮੈਂ ਤਾਂ ਲਿੱਸਾ ਹੋ ਰਿਹਾ ਸੀ ਨ੍ਹਾਉਂਦਾ-ਨ੍ਹਾਉਂਦਾ।
ਪਰ ਜੰਮੀਂ ਪਈ ਮੈਲ਼ ਨੂੰ ਕਿੱਦਾਂ ਨਾ ਲਾਹੁੰਦਾ!
ਓਦੋਂ ਹੱਦਾਂ ਟੱਪ ਗਈ ਮੇਰੀ ਹੈਰਾਨੀ।
ਮੈਲ਼ ਦੇ ਹੇਠੋਂ ਨਿਕਲ ਪਈ ਬੁਨਿਆਨ ਪੁਰਾਣੀ।
ਕੀਤਾ ਸ਼ੁਕਰ ਖ਼ੁਦਾ ਦਾ ਤੇ ਪਾਇਆ ਝੱਗਾ।
ਜਿੰਨਾ ਨ੍ਹਾਤਾ ਓਸ ਤੋਂ ਦੂਣਾ ਪੁੰਨ ਲੱਗਾ।
ਸਮਝੋ ਸਾਰੇ ਆਪ, ਨਾਲ ਸਭ ਨੂੰ ਸਮਝਾਉ।
ਵਰ੍ਹੇ-ਛਿਮਾਹੀਂ ਬੱਚਿਓ, ਹਰ ਹੀਲੇ ਨ੍ਹਾਉ।
ਵਰ੍ਹੇ-ਛਿਮਾਹੀਂ ਬੱਚਿਓ, ਹਰ ਹੀਲੇ ਨ੍ਹਾਉ।

•••

## ਬੰਤਾ ਸਿੰਘ ਰਿਟਾਇਰ ਹੋ ਗਿਆ

(ਇਹ ਹਾਸ-ਰਸੀ ਨਜ਼ਮ ਦਾਸ ਨੇ ਆਪਣੀ ਰਿਟਾਇਰਮੈਂਟ-ਪਾਰਟੀ ਵਾਸਤੇ ਹੀ ਲਿਖੀ ਅਤੇ 31-10-2002 ਨੂੰ ਪਾਰਟੀ ਵਿੱਚ ਸੁਣਾਈ। ਫਿਰ ਤਾਂ ਹਰ ਸਟੇਜ 'ਤੇ ਫ਼ਰਮਾਇਸ਼ ਸਹਿਤ ਸੁਣੀ ਜਾਣ ਲੱਗੀ। ਪੰਜਾਬੀ ਵਿੱਚ ਐਸੀਆਂ ਨਜ਼ਮਾਂ ਦੀ ਘਾਟ ਹੈ, ਐਸੀਆਂ ਨਜ਼ਮਾਂ ਲਿਖੀਆਂ ਜਾਣੀਆਂ ਚਾਹੀਦੀਆਂ ਹਨ।)

ਬੰਤਾ ਸਿੰਘ ਰਿਟਾਇਰ ਹੋ ਗਿਆ?
ਹਾਂ ਬਈ ਸਿੰਘ ਰਿਟਾਇਰ ਹੋ ਗਿਆ।

ਵਾਹਵਾ ਯਾਰ, ਪੜ੍ਹਾਉਂਦਾ ਸੀ ਉਹ।
ਡੰਡਾ ਬੜਾ ਚਲਾਉਂਦਾ ਸੀ ਉਹ
'ਤੂੰ ਪੜ੍ਹ!' ਕਹਿਕੇ ਸੌਂ ਜਾਂਦਾ ਸੀ,
ਠੌਂਕਾ ਖ਼ੂਬ ਲਗਾਉਂਦਾ ਸੀ ਉਹ।

ਜਦ ਤੱਕ ਸੁਣਦੇ ਰਹਿਣ ਘਰਾੜੇ।
ਮੌਜਾਂ ਲੁੱਟ ਲੈਂਦੇ ਸੀ ਪਾੜ੍ਹੇ।
ਜਦੋਂ ਘਰਾੜੇ ਮੁੱਕ ਜਾਂਦੇ ਸੀ।
ਮੁੰਡਿਆਂ ਦੇ ਸਾਹ ਸੁੱਕ ਜਾਂਦੇ ਸੀ।

ਉੱਠਦਿਆਂ ਦੋ-ਚਾਰ ਉਠਾਉਣੇ।
ਕੰਨਾਂ ਲਾਗੇ ਲੱਫੜ ਲਾਉਣੇ।
ਕਹਿਣਾ, "ਸਹੁਰੇ ਸੌਣ ਨਹੀਂ ਦੇਂਦੇ।
ਦੋ ਪਲ਼ ਅੱਖ ਵੀ ਲਾਉਣ ਨਹੀਂ ਦੇਂਦੇ।

ਸਾਡੇ ਮੁੰਡੇ ਨਾਲ ਤਾਂ ਉਸ ਦਾ,
ਇੱਟ-ਕੁੱਤੇ ਦਾ ਵੈਰ ਹੋ ਗਿਆ।
ਬੰਤਾ ਸਿੰਘ ਰਿਟਾਇਰ ਹੋ ਗਿਆ।

-0-

ਹਰ ਬੰਦਾ ਮਹਿਸੂਸ ਏ ਕਰਦਾ।
ਨੌਕਰੀ ਵਿੱਚ ਹੈ ਕਿਸ ਦਾ ਸਰਦਾ!
ਬੰਤਾ ਸਿੰਘ ਵੀ ਏਸੇ ਕਰਕੇ,
ਆਪਣੀ ਖੇਤੀ-ਬਾੜੀ ਕਰਦਾ।

ਉੱਠੇ ਅੰਮ੍ਰਿਤ-ਵੇਲੇ ਬੰਤਾ।
ਜੋੜੇ ਹਲ਼ ਸੁਵੇਲੇ ਬੰਤਾ।
ਪੱਠੇ ਵੱਢ ਕੇ ਘਰੇ ਲਿਆਉਂਦਾ।
ਫਿਰ ਨ੍ਹਾਉਂਦਾ ਤੇ ਕੱਪੜੇ ਪਾਉਂਦਾ।

ਫੇਰ ਸਕੂਲੇ ਜਾ ਕੇ ਆਵੇ।
ਨਰਮਾ ਗੋਡੇ, ਪਾਣੀ ਲਾਵੇ।
ਐਸੇ ਕਾਮੇਂ-ਜੱਟ ਨੂੰ ਯਾਰੋ,
ਕੁਰਸੀ 'ਤੇ ਕਿੰਜ ਨੀਂਦ ਨਾ ਆਵੇ!
ਬੰਤਾ ਦੱਸੋ ਕਿੰਜ ਪੜ੍ਹਾਵੇ?

ਫਿਰ ਜੇ ਦੋ ਪਲ਼ ਸੌਂ ਹੀ ਲਿਆ ਤਾਂ,
ਐਡਾ ਕਿਹੜਾ ਕਹਿਰ ਹੋ ਗਿਆ?
ਬੰਤਾ ਸਿੰਘ ਰਿਟਾਇਰ ਹੋ ਗਿਆ।

-0-

ਬੰਤਾ ਸਿਹੁੰ ਨਹੀਂ ਕਿਸੇ ਤੋਂ ਡਰਦਾ।
ਫਿਰ ਵੀ ਹੈ ਉਹ ਸ਼ਿਕਵਾ ਕਰਦਾ।

ਕਹਿੰਦਾ, ''ਮੈਨੂੰ ਟੋਕਣ ਸਾਰੇ।
ਅੱਖ ਲਾਉਣ ਤੋਂ ਰੋਕਣ ਸਾਰੇ।
ਬੰਤਾ ਸਿਹੁੰ ਦੇ ਗਲ਼ ਨੇ ਪੈਂਦੇ।
ਭੈਣ ਜੀਆਂ ਨੂੰ ਕੁਝ ਨਹੀਂ ਕਹਿੰਦੇ।

ਉਹ ਵੀ ਤਾਂ ਨੇ ਰੱਬ-ਰਜਾਈਆਂ।
ਚੱਲਣ ਵਿੱਚ ਜਮਾਤ ਸਲਾਈਆਂ।
ਚੱਲੇ ਨੌਨ-ਸਟਾਪ ਹਿਸਾਬ।
ਕਦੀ ਸਵੈਟਰ, ਕਦੀ ਜੁਰਾਬ।

ਜਾਂ ਫਿਰ 'ਕੱਠੀਆਂ ਹੋ ਕੇ ਬਹਿਣ।
ਖੱਟੀਆਂ-ਮਿੱਠੀਆਂ ਸੌ-ਸੌ ਕਹਿਣ।
ਸਾੜਨ ਆਪਣੀਆਂ ਚਤੁਰਾਈਆਂ।
ਨੂਹਾਂ-ਸੱਸਾਂ ਦੀਆਂ ਬੁਰਾਈਆਂ।

ਮੇਕ-ਅੱਪ ਦੇ ਦੱਸਣ ਢੰਗ।
ਕੱਪੜਿਆਂ ਦੇ ਪਰਖਣ ਰੰਗ।
ਮੁੱਖ-ਅਧਿਆਪਕ ਟੋਕ ਦਵੇ ਤਾਂ,
ਆਖਣ- ਰੰਗ 'ਚ ਪਾਉਂਦੈ ਭੰਗ।

ਕਹਿਣ ਮੈਡਮਾਂ- ਛਿੰਦਰ, ਜੱਸੀ!
ਲਿਆਵੋ ਸਾਗ, ਛੱਲੀਆਂ, ਲੱਸੀ।
ਬੱਚਿਆਂ ਨੂੰ ਪੰਜਵੀਂ ਤੋਂ ਬਾਅਦ।
ਊੜਾ ਤੱਕ ਨਹੀਂ ਹੁੰਦਾ ਯਾਦ।

ਭੈਣ ਜੀਆਂ ਤੋਂ ਡਰਦੇ ਰਹਿੰਦੇ।
ਭੈਣ ਜੀਆਂ ਨੂੰ ਕੁਝ ਨਹੀਂ ਕਹਿੰਦੇ।

ਬੰਤਾ ਸਿੰਘ ਨੂੰ ਮਾਰਨ ਹੁੱਝਾਂ,
ਬੰਤਾ ਸਾਂਝੀ ਟੈਰ ਹੋ ਗਿਆ?''
ਬੰਤਾ ਸਿੰਘ ਰਿਟਾਇਰ ਹੋ ਗਿਆ।

-0-

ਇੱਕ ਦਿਨ ਉਸ ਨੂੰ ਨੀਂਦਰ ਆਈ।
ਚਾਦਰ ਦਫ਼ਤਰ ਵਿੱਚ ਵਿਛਾਈ।
ਸਿਰ ਹੇਠਾਂ ਦੇ ਲਿਆ ਪਜਾਮਾਂ।
ਬਾਹਰ ਖੜਾ ਕਰ ਦਿੱਤਾ ਨ੍ਹਾਮਾਂ।

ਕਹਿੰਦਾ- ਪੜ੍ਹਿਆ ਲਿਖਿਆ ਬੰਦਾ।
ਜੇ ਕੋਈ ਏਧਰ ਆਵੇ, ਚੰਦਾ!
ਸਮਝੀਂ ਡੀ. ਓ. ਗਿਆ ਈ ਆ।
ਮੈਨੂੰ ਦੇਵੀਂ ਝੱਟ ਉਠਾ।

ਪੈਂਟ ਵਾਲਾ ਇਕ ਬੰਦਾ ਦੇਖ।
ਨ੍ਹਾਮਾ ਕਹਿੰਦਾ- ਫੁੱਟ ਗਏ ਲੇਖ।

ਭੱਜਾ ਭੱਜਾ ਨ੍ਹਾਮਾ ਆਇਆ।
ਡੀ. ਓ. ਦੇ ਡਰ ਤੋਂ ਘਬਰਾਇਆ।
ਉਸ ਨੇ ਬੰਤਾ ਝੱਟ ਉਠਾਇਆ।
ਕਹਿੰਦਾ- ਸਰ ਜੀ ਡੀ. ਓ. ਆਇਆ।
ਚੁੱਕ ਸਰ੍ਹਾਣਿਓਂ ਬੰਤਾ ਸਿੰਘ ਨੇ,
ਲੱਤਾਂ ਵਿੱਚ ਪਜਾਮਾਂ ਪਾਇਆ।

ਤੰਗ ਪਜਾਮਾਂ ਅੜ-ਅੜ ਜਾਵੇ।
ਉਸ ਨੂੰ ਗੁੱਸਾ ਚੜ੍ਹ-ਚੜ੍ਹ ਜਾਵੇ।

ਖਿੱਚ-ਖੁੱਚ ਕੇ ਕੀਤਾ ਠੀਕ।
ਨਿਕਲ ਗਈ ਬੰਤੇ ਦੀ ਚੀਕ।
ਮੁੰਡਿਆਂ ਖ਼ੂਬ ਉਡਾਏ ਹਾਸੇ।
ਨਾਲਾ ਰਹਿ ਗਿਆ ਪਿਛਲੇ ਪਾਸੇ।

ਤੰਗ ਪਜਾਮਾਂ ਲਾਹੁਣਾ ਔਖਾ।
ਲਾਹ ਕੇ ਫਿਰ ਤੋਂ ਪਾਉਣਾ ਔਖਾ।
ਉਫ਼! ਵਿਚਾਰਾ ਕਰਦਾ ਕੀ ਉਹ!
ਸਿਰ 'ਤੇ ਚੜ੍ਹਿਆ ਆਉਂਦਾ ਡੀ. ਓ.।

ਬੰਤਾ ਸਿੰਘ ਨੂੰ ਫੁਰ ਗਈ ਗੱਲ।
ਕਹਿੰਦਾ- ਮੁੰਡਿਆ, ਪਿਛੇ ਚੱਲ।
ਅਕਸਰ ਕੰਮ ਵਿਗੜਦੈ ਕਾਲ੍ਹਾ।
ਹੁਣ ਤੂੰ ਪਿੱਛੇ ਈ ਬੰਨ੍ਹ ਦੇ ਨਾਲਾ।

ਬੰਤਾ ਸਿੰਘ ਹੋ ਦੰਗ ਗਿਆ ਸੀ।
ਬੰਦਾ ਅੱਗੇ ਲੰਘ ਗਿਆ ਸੀ।

ਲਾਗਿਓਂ ਮੁੰਡਿਆਂ ਕਿਹਾ ਹੱਸਕੇ-
ਇਹ ਤਾਂ ਫੋਕਾ ਈ ਫੈਰ ਹੋ ਗਿਆ।
ਬੰਤਾ ਸਿੰਘ ਰਿਟਾਇਰ ਹੋ ਗਿਆ।
ਬੰਤਾ ਸਿੰਘ ਰਿਟਾਇਰ ਹੋ ਗਿਆ।

(10-2002)

## ਪੁੱਤ ਜੰਮਦੇ ਹੋਣ ਜਵਾਨ ਮੀਆਂ

(ਕੈਨੇਡਾ ਵਿੱਚ ਜਨਮੇਂ ਆਪਣੇ ਪੋਤਰੇ (ਅਰਸ਼ਦੀਪ ਸਿੰਘ ਸੰਧੂ ਅਤੇ ਚੰਨਪ੍ਰੀਤ ਦੇ ਨੂਰੇ-ਨਜ਼ਰ) ਜਗਨੂਰ ਸੰਧੂ ਦੀ ਦੂਜੀ ਸਾਲ-ਗਿਰਾਹ 'ਤੇ ਭੇਜੀ ਕਵਿਤਾ।)

ਟਾਈ! ਟਾਈ!! ਟਾਈ!!!
ਬਈ ਰੱਬ ਮੈਨੂੰ 'ਅਰਸ਼' ਦਿੱਤਾ
ਮੈਂ ਹੁੱਬ ਕੇ ਉਡਾਰੀ ਲਾਈ।
ਅਰਸ਼ ਨੂੰ 'ਚੰਨ' ਮਿਲਿਆ
ਸਾਰੇ ਜੱਗ 'ਤੇ ਹੋਈ ਰੁਸ਼ਨਾਈ।
ਚੰਨ ਵਿਹੜੇ ਫੁੱਲ ਖਿੜਿਆ
ਜਿਹਦੀ ਮਹਿਕ ਕਨੇਡਿਓਂ ਆਈ।

ਬਾਗਾਂ 'ਚ ਗੁਲਾਬ ਹੱਸਿਆ
ਉਹਨੂੰ ਵੇਖਕੇ ਕਲੀ ਮੁਸਕਾਈ।
ਸੂਰਜੇ ਨੂੰ ਫ਼ਿਕਰ ਪਿਆ
ਜਿਹਦੀ ਕਿਰਨ ਲਈ ਅੰਗੜਾਈ।

ਵੇਖਕੇ ਸ਼ੁਕੀਨ ਜੱਟ ਨੂੰ
ਗੋਰੀ ਮੇਮ ਬੜਾ ਸ਼ਰਮਾਈ।
'ਸੰਧੂ' ਕੋਲੋਂ ਪੁੱਛਦੀ ਫਿਰੇ-
'ਜਾਉਂ ਨੂਰ ਨੂੰ ਕਦੋਂ ਪਰਣਾਈ?'

ਹਾਲੀ ਮੇਰੇ ਬੱਚੜੇ ਦੀ
ਪਹਿਲੀ ਸਾਲ-ਗਿਰਾਹ ਹੈ ਆਈ।
ਗੱਭਰੂ ਹੋ ਲੈਣ ਦੇ
ਤੇਰੀ ਕਰ ਦਊਂ ਕੁੜੇ ਕੁੜਮਾਈ।
ਤੇ ਗੱਭਰੂ ਹੋ ਲੈਣ ਦੇ ... ...॥

(25-8-2004)

## ਤੂੰ ਆਵੇਂ ਨਾ ਆਵੇਂ

(14-10-2004 ਨੂੰ ਆਪਣੀ ਸੱਠਵੀਂ ਸਾਲ-ਗਿਰਾਹ 'ਤੇ
ਪਰਦੇਸੀ ਪੁੱਤ ਅਰਸ਼ਦੀਪ ਸਿੰਘ ਸੰਧੂ ਨੂੰ ਸੰਬੋਧਤ...)

ਸਾਵੇਂ! ਸਾਵੇਂ!! ਸਾਵੇਂ!!!
ਸੱਠ ਸਾਲ ਬੀਤ ਗਏ
ਹੱਡ ਹੋ ਗਏ ਜ਼ਰਜ਼ਰੇ ਭਾਵੇਂ।
ਕੱਲ੍ਹ ਵਾਂਗੂੰ ਲੱਗਦਾ ਏ
ਸੌਣਾਂ ਮਾਂ ਦੀ ਚੁੰਨੀ ਦੀ ਛਾਂਵੇਂ।

ਜਵਾਨੀ ਵਿਚ ਜੂਝਦਿਆਂ
ਰੱਖ ਸਕੇ ਨਾ ਸ਼ੌਕ ਨੂੰ ਸਾਵੇਂ।
ਚੁੱਲਿਆਂ ਦੇ ਵਾਂਗ ਮਿੱਤਰੋ
ਮੈਂ ਤਾਂ ਘਰ ਵੀ ਬਣਾ ਲਏ ਚਾਵੇਂ।

ਪੁੱਤ ਦਿਆਂ ਚਾਵਾਂ ਨੂੰ
ਅਸਾਂ ਵੇਚਿਆ ਬੁਰਕੀਓਂ ਸਾਵੇਂ।
ਮੂੰਹ ਨਾਲ ਖੋਲ੍ਹ ਰਿਹਾਂ
ਹੱਥਾਂ ਨਾਲ ਵਲ਼ੇ ਜੋ ਵਲ਼ਾਵੇਂ।

ਥਾਂਉਂ-ਥਾਂਈਂ ਤੜਪ ਰਹੇ
ਜਿਹਨਾਂ ਕਰ 'ਤੇ ਪੁੱਤ ਨਿਥਾਵੇਂ।
ਬੱਚਿਆਂ ਦੀ ਧੁੱਪ ਸੇਕ ਕੇ
ਚਿੱਤ ਆ ਜਾਂਦੈ ਕੁਝ ਥਾਵੇਂ।
ਕਿਸ ਦੇ ਸਹਾਰੇ ਕੱਟਣੇ
ਸਾਡੇ ਹੱਡਾਂ ਨੇ ਕੱਕਰ ਕੜਕਾਵੇਂ!

ਉਮਰਾਂ ਦੇ ਬੂਟੇ ਦੇ
ਲੰਮੇਂ ਹੋ ਗਏ ਬੜੇ ਪਰਛਾਵੇਂ।
ਆਪਣੀਆਂ ਅਜਲਾਂ ਨੂੰ
ਅਸੀਂ ਘੱਲ 'ਤੇ ਨਵੇਂ ਸਿਰਨਾਵੇਂ।

ਆਪਣੀ ਅਮਾਨਤ ਨੂੰ
ਰੱਬ ਅੱਜ ਲੈ ਜਾਵੇ ਭਾਵੇਂ।
ਆਉਣ ਵਾਲੀ ਨਹੀਂ ਟਲਣੀ
ਤੂੰ ਆਵੇਂ ਨਾ ਆਵੇਂ-
ਤੇ ਆਉਣ ਵਾਲੀ ਨਹੀਂ ਟਲਣੀ... ... ।

(14-10-2004)

# ਤਵੀ ਤੇ ਕਵੀ

*(ਦੁਨਿਆਵੀ ਝੂਠੀ ਸ਼ੁਹਰਤ ਅਤੇ ਹੈਂਕੜ ਵਿੱਚ ਗ੍ਰੱਸੇ ਹਉਮੈ-ਵਾਦੀਆਂ ਨੇ ਹਮੇਸ਼ਾ ਹੀ ਸੱਚ ਦੇ ਪੈਗੰਬਰਾਂ ਨੂੰ 'ਝੂਠ ਦੇ ਵਪਾਰੀ' ਕਹਿ ਕੇ ਹੀ ਭੰਡਿਆ ਹੈ। ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੱਚਾ-ਦਰਬਾਰ ਵੀ ਬਾਬਰ-ਕਿਆਂ ਦੇ ਉਸ ਵੇਲੇ ਦੇ ਵਾਰਿਸ ਜਹਾਂਗੀਰ ਨੂੰ 'ਝੂਠ ਦੀ ਦੁਕਾਨ' ਹੀ ਪ੍ਰਤੀਤ ਹੁੰਦਾ ਸੀ। ਤੇ ਇਸ ਨੂੰ ਬੰਦ ਕਰਵਾਉਣ ਦੇ ਮਕਸਦ ਨਾਲ ਹੀ ਉਸ ਨੇ ਗੁਰੂ ਸਾਹਿਬ ਨੂੰ ਹੋਰ ਅਨੇਕ ਤਸੀਹਿਆਂ ਦੇ ਨਾਲ਼-ਨਾਲ਼ ਤੱਤੀ ਤਵੀ 'ਤੇ ਬਿਠਾ ਕੇ ਸ਼ਹੀਦ ਕਰਵਾ ਦਿੱਤਾ। ਉਸੇ ਤਵੀ ਨਾਲ ਕੁਝ ਸੰਵਾਦ ਰਚਾ ਰਿਹਾ ਹੈ ਸ਼ਾਇਰ।)*

ਕੁਝ ਲਿਖਣ ਦੇ ਵਾਸਤੇ ਬੈਠਿਆ ਸੀ,
ਡੁੱਬ ਗਿਆ ਖ਼ਿਆਲਾਂ ਦੀ ਲਹਿਰ ਅੰਦਰ।
ਚਿੱਤ ਮਾਰ ਉਡਾਰੀਆਂ ਹਰਨ ਹੋਇਆ,
ਝੱਟ ਜਾ ਵੜਿਆ ਲਹੌਰ ਸ਼ਹਿਰ ਅੰਦਰ।
ਉੱਥੇ ਤਵੀ ਡਿੱਠੀ ਇੱਕ ਕਿਲ੍ਹੇ ਅੰਦਰ,
ਭਰੀ ਬੈਠੀ ਸੀ ਨਾਗਨੀ ਜ਼ਹਿਰ ਅੰਦਰ।
ਗੁੱਸਾ ਭੜਕਿਆ, ਕੜਕਿਆ ਸਿੰਘ-ਜਜ਼ਬਾ,
ਵਰ੍ਹ ਪਿਆ ਮੈਂ ਤਵੀ 'ਤੇ ਕਹਿਰ ਅੰਦਰ।

-0-

'ਨੀ ਤਵੀਏ! ਬਦਕਾਰੇ ਤਵੀਏ!
ਕੀ ਕੀਤੇ ਤੂੰ ਕਾਰੇ ਤਵੀਏ!
ਨੀ ਤਵੀਏ, ਹੈਂਸਿਆਰੀ ਤਵੀਏ!
ਜ਼ਾਲਿਮ ਤੇ ਹੰਕਾਰੀ ਤਵੀਏ!
ਤੇਰੇ ਕੀਤੇ ਕਾਰੇ ਅੜੀਏ!
ਜਾਂਦੇ ਨਹੀਂ ਵਿਸਾਰੇ ਅੜੀਏ!।

ਤੂੰ ਫੁੱਲਾਂ ਨੂੰ ਫੂਕੀ ਜਾਵੇਂ।
'ਕਾਲ ਕਾਲ' ਹੀ ਕੂਕੀ ਜਾਵੇਂ।

ਤੂੰ ਸਾਡੇ ਅਰਜਨ ਦੀ ਦੇਹੀ।
ਤੂੰ ਸਾਡੇ ਪ੍ਰੀਤਮ ਦੀ ਦੇਹੀ।
ਤੂੰ ਸਾਡੇ ਸਤਿਗੁਰ ਦੀ ਦੇਹੀ।
ਤੂੰ ਸਾਡੇ ਸਾਜਨ ਦੀ ਦੇਹੀ।
ਸਾੜ-ਸਾੜ ਕੇ ਛਾਲੇ ਪਾਏ।
ਜ਼ਹਿਰਾਂ ਭਰੇ ਵਿਖਾਲੇ ਪਾਏ।

ਖ਼ਬਰੇ ਕਿੰਨੇ ਛਾਲੇ ਫਿੱਸੇ !
ਤੂੰ ਕੀ ਜਾਣੇ ਦਿਲ ਦੇ ਕਿੱਸੇ !
ਤੂੰ ਤਪਿਆਂ ਨੂੰ ਤਾਉਣਾ ਜਾਣੇ।
ਇੱਕੋ ਕਹਿਰ ਕਮਾਉਣਾ ਜਾਣੇ।

ਜਿਹੜਾ ਆਇਆ, ਮਾਰ ਮੁਕਾਇਆ।
ਸੜਿਆ, ਜਿਸ ਨੇ ਅੰਗ ਛੁਹਾਇਆ।
ਤੂੰ ਨਾਗਨ ਹੈਂ ਡੰਗਣਹਾਰੀ।
ਤੂੰ ਜ਼ਹਿਰਾਂ ਦੀ ਭਰੀ-ਪਟਾਰੀ।
ਤੂੰ ਅਗਨੀ ਦੀ ਜਾਈ ਅੜੀਏ !
ਜ਼ਾਲਿਮ ਦੀ ਹਮਸਾਈ ਅੜੀਏ !

ਜ਼ਾਲਿਮ ਨੇ ਜਦ ਕਹਿਰ ਕਮਾਇਆ।
ਗੁਰ-ਪੰਚਮ ਤੇਰੇ ’ਤੇ ਬਿਠਾਇਆ।
ਉਸ ਨੂੰ ਵੀ ਤੂੰ ਇੰਜ ਤਪਾਇਆ।
ਅੜੀਏ, ਤੈਨੂੰ ਤਰਸ ਨਾ ਆਇਆ?

ਸਤਿਗੁਰ ਜੀ ਨੂੰ ਤਾਉਣੋਂ ਪਹਿਲਾਂ।
ਐਨਾ ਕਹਿਰ ਕਮਾਉਣੋਂ ਪਹਿਲਾਂ।
ਪਿੰਡੇ ਛਾਲੇ ਪਾਉਣੋਂ ਪਹਿਲਾਂ।
ਰੱਬੀ-ਨੂਰ ਜਲਾਉਣੋਂ ਪਹਿਲਾਂ।
ਚੰਗਾ ਸੀ ਜੇ ਫਟ ਜਾਂਦੀ ਤਾਂ।
ਮਿੱਟੀ ਦੇ ਵਿਚ ਵਟ ਜਾਂਦੀ ਤਾਂ।

ਕੀ ਜੀਣਾ ਬਦਕਾਰੇ, ਜੀਣਾ।
ਸੀਨੇ ਭਰ ਕੇ ਸਾੜਾ-ਕੀਨਾ।
ਅੱਜ ਮੈਂ ਤੈਨੂੰ ਤੋੜ ਦਿਆਂਗਾ।
ਤੇਰੀ ਭਾਜੀ ਮੋੜ ਦਿਆਂਗਾ।”

ਏਦਾਂ ਗੱਲਾਂ ਕਰਦਾ ਸੁਣਕੇ।
ਇੰਜ ਅਪਣੇ ’ਤੇ ਵਰ੍ਹਦਾ ਸੁਣਕੇ।
ਤਵੀ ਅੱਗ ਦੀ ਭਰੀ ਗਰੋਲ਼ੀ।
ਵਿੱਚੋਂ ਗੱਲ ਕੱਟ ਕੇ ਬੋਲੀ-

“ਲੈ ਕਵੀਆ! ਕੋਈ ਮੱਤ ਸਿਆਣੀ।
ਔਖੀ ਹੁੰਦੀ ਗੱਲ ਪੁਗਾਣੀ।
ਕਿੰਜ ਤੋੜੇਂਗਾ ਮੈਨੂੰ ਭਾਈ!
ਮੈਂ ਤਾਂ ਪ੍ਰੀਤਮ ਦੀ ਛੋਹ ਪਾਈ।

ਮੈਂ ਤਾਂ ਤਵੀਓਂ ਚੰਨ ਹੋ ਗਈ।
ਉਸ ਨੂੰ ਛੂਹ ਕੇ ਧੰਨ ਹੋ ਗਈ।

ਜਿਹੜੀ ਜ਼ੁਲਮ-ਕਹਾਣੀ ਕਰਦੈਂ।
ਉਹ ਵੀ ਗੱਲ ਅੰਞਾਣੀ ਕਰਦੈਂ।

ਦੱਸ ਕਵੀਆ! ਜੇ ਪੰਚਮ-ਪਿਆਰੇ।
ਆਉਂਦੇ ਹੀ ਨਾ ਏਸ ਦੁਆਰੇ।
ਸਿੱਖ ਕਿਵੇਂ ਪਰਵਾਨੇ ਬਣਦੇ!
ਪ੍ਰੀਤਮ ਦੇ ਦੀਵਾਨੇ ਬਣਦੇ ?

ਗੁਰੂ ਨਾਨਕ ਤੋਂ ਅਰਜਨ ਤਾਈਂ।
ਰਹੇ ਧਿਆਉਂਦੇ ਸੱਚਾ-ਸਾਈਂ।
ਐਪਰ ਸੱਚ ਕਮਾਉਣ ਵਾਸਤੇ।
ਐਪਰ ਸੱਚ ਬਚਾਉਣ ਵਾਸਤੇ।
ਜੇ ਕੋਈ ਕੁਰਬਾਨ ਨਾ ਹੁੰਦਾ।
ਸੱਚ ਕਿਤੇ ਪਰਵਾਨ ਨਾ ਹੁੰਦਾ।

ਜਦ ਵੀ ਅੱਤ ਸਿਖ਼ਰ 'ਤੇ ਆਈ।
ਓਦੋਂ ਗਈ ਤਲਵਾਰ ਉਠਾਈ।

ਜੇ ਕਰ ਮੇਰੇ ਪ੍ਰੀਤਮ-ਪਿਆਰੇ।
ਨਾ ਜਾਂਦੇ ਧਰਮਾਂ ਤੋਂ ਵਾਰੇ।
ਤੇਰੀ ਕੌਮ ਮਹਾਨ ਨਾ ਹੁੰਦੀ।
ਇਹ ਸਿੱਖੀ ਦੀ ਸ਼ਾਨ ਨਾ ਹੁੰਦੀ।

ਜੇ ਜ਼ਾਲਿਮ ਦੇ ਵਾਰ ਨਾ ਹੁੰਦੇ।
ਅਣਖੀ ਸਿੱਖ ਤਿਆਰ ਨਾ ਹੁੰਦੇ।

ਮੀਰੀ ਦੀ ਤਲਵਾਰ ਨਾ ਹੁੰਦੀ।
ਪੀਰੀ ਦੀ ਤਲਵਾਰ ਨਾ ਹੁੰਦੀ।
ਮਜ਼ਲੂਮਾਂ ਦੀ ਜਿੱਤ ਨਾ ਹੁੰਦੀ।
ਜ਼ਰਵਾਣੇ ਦੀ ਹਾਰ ਨਾ ਹੁੰਦੀ।

ਤੋਪਾਂ ਅੱਗੇ ਛਾਤੀ ਡਾਹ ਕੇ।
ਕਿਹੜਾ ਲੜਦਾ ਸੀਸ ਕਟਾ ਕੇ ?

ਕਿੱਦਾਂ ਨਿੱਕੇ ਬਾਲ-ਅੰਞਾਣੇ।
ਜੰਗਾਂ ਲੜਦੇ ਭੁੱਖੇ-ਭਾਣੇ ?

ਕਿੱਦਾਂ ਮਸਤ ਹਾਥੀਆਂ ਵੱਲੇ।
ਸਿੰਘ ਨਿਕਲਦੇ 'ਕੱਲੇ-'ਕੱਲੇ ?

ਜੇ ਸੰਤਾਂ 'ਤੇ ਭੀੜ ਨਾ ਬਣਦੀ।
ਇਹ ਧਰਤੀ ਯੋਧੇ ਨਾ ਜਣਦੀ।

ਸੂਰਬੀਰ ਦਰਵੇਸ਼ ਨਾ ਹੁੰਦਾ।
ਕਲਗੀਧਰ ਦਸਮੇਸ਼ ਨਾ ਹੁੰਦਾ।
ਕਿਧਰੇ ਨਲੂਆ-ਬੀਰ ਨਾ ਹੁੰਦਾ।
ਦੀਪ ਸਿੰਘ ਰਣਧੀਰ ਨਾ ਹੁੰਦਾ।
ਮੋਤੇ-ਗਰਜੇ ਜਿਹੇ ਮਤਵਾਲੇ।
ਰੰਘੜ ਦਾ ਸਿਰ ਵੱਢਣ ਵਾਲੇ।
ਜਾਨਬਾਜ ਇਨਸਾਨ ਨਾ ਹੁੰਦੇ।
'ਬੰਦੇ' ਬੀਰ ਮਹਾਨ ਨਾ ਹੁੰਦੇ।

ਜੋ ਹੁੰਦੈ ਕਰਤਾਰ ਕਰਾਉਂਦੈ।
ਉਹ ਹੁੰਦੈ, ਜੋ ਉਸ ਨੂੰ ਭਾਉਂਦੈ।

ਜੱਗ ਦੇ ਪਾਲਣਹਾਰੇ ਬਾਝੋਂ।
ਉਸ ਦੇ ਇੱਕ ਇਸ਼ਾਰੇ ਬਾਝੋਂ।
ਹਿੱਲ ਸਕੇ ਨਾ ਤੀਲਾ ਕਵੀਆ!
ਮੈਂ ਤਾਂ ਇੱਕ ਵਸੀਲਾ ਕਵੀਆ!

ਮੈਂ ਤਾਂ ਅਪਣਾ ਫ਼ਰਜ਼ ਨਿਭਾਇਆ।
ਜੋ ਕਰਤਾਰ ਨੇ ਜ਼ਿੰਮੇ ਲਾਇਆ।

ਹਾਂ- ਏਨਾ ਕੁ ਮਾਣ ਹੈ ਮੈਨੂੰ।
ਏਨੀ ਕੁ ਪਹਿਚਾਣ ਹੈ ਮੈਨੂੰ।
ਅਰਜਨ ਜੀ ਦੀ ਛੋਹ ਨੂੰ ਪਾ ਕੇ।
ਕਹਿ ਸਕਦੀ ਹਾਂ ਠੋਕ ਵਜਾ ਕੇ।

ਜਦ ਤੱਕ ਚੰਨ-ਸਿਤਾਰੇ ਰਹਿਸਨ।
ਧਰਤੀ-ਸੂਰਜ ਸਾਰੇ ਰਹਿਸਨ।
ਓਦੋਂ ਤੀਕਣ ਅਰਜਨ ਜੀ ਦੀ,
ਕੁਰਬਾਨੀ ਦੀ ਸ਼ਾਨ ਰਹੇਗੀ।
ਦੁਨੀਆਂ ਦੇ ਸਭ ਧਰਮਾਂ ਵਿੱਚੋਂ,
ਸਿੱਖੀ ਸਦਾ ਮਹਾਨ ਰਹੇਗੀ।
ਸਿੱਖੀ ਸਦਾ ਮਹਾਨ ਰਹੇਗੀ।

(5-6-70)

## ਓਸ ਦੀ ਨਜ਼ਰ ਪਰਵਾਨ ਹੋਵੇ

(ਜਦ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਵਿਖੇ ਮੁਗਲਸ਼ਾਹੀ ਨਾਲ ਅਤਿਅੰਤ ਅਸਾਵੇਂ ਯੁੱਧ ਵਿੱਚ ਰੁਝੇ ਹੋਏ ਸਨ, ਉਸ ਵੇਲੇ ਉਹਨਾਂ ਦਾ ਇੱਕ ਬਹੁਤ ਹੀ ਸਮ-ਦਰਸ਼ੀ ਸਿੱਖ ਭਾਈ ਘਨੱਈਆ ਜੀ ਯੁੱਧ ਦੇ ਮੈਦਾਨ ਵਿੱਚ ਘਾਇਲ ਅਤੇ ਪਿਆਸੇ ਸਿੱਖਾਂ ਨੂੰ ਪਾਣੀ ਪਿਆਉਣ ਦੀ ਸੇਵਾ ਨਿਭਾ ਰਿਹਾ ਸੀ। ਉਹ ਨਾਲ ਦੀ ਨਾਲ ਘਾਇਲ ਅਤੇ ਪਿਆਸੇ ਦੁਸ਼ਮਣਾਂ ਦੀ ਵੀ ਬਰਾਬਰ ਇਹੋ ਸੇਵਾ ਕਰਦਾ ਜਾ ਰਿਹਾ ਸੀ, ਜਿਸ ਨਾਲ ਹਾਰੇ-ਹੰਭੇ ਤੇ ਅਧਮੋਏ ਹੋਏ ਦੁਸ਼ਮਣ ਫਿਰ ਉੱਠ ਕੇ ਲੜਾਈ ਵਿੱਚ ਸ਼ਾਮਿਲ ਹੋ ਜਾਂਦੇ। ਗੁਰੂ ਸਾਹਿਬ ਦੇ ਸਿੱਖਾਂ ਨੇ ਗੁਰੂ ਮਹਾਂਰਾਜ ਕੋਲ ਉਸ ਦੀ ਸ਼ਿਕਾਇਤ ਕੀਤੀ। ਉਸੇ ਪ੍ਰਥਾਏ ਹੀ ਸ਼ਾਇਰ ਇਹ ਨਜ਼ਮ ਅਰਜ਼ ਕਰਦਾ ਹੈ-)

ਜਿਹੜੇ ਦਿਲ ਅੰਦਰ ਵੀਰੋ, ਪਿਆਰ ਹੀ ਨਹੀਂ,
ਓਸ ਦਿਲ ਤੋਂ ਭਲੀ ਸ਼ਮਸ਼ਾਨ ਹੋਵੇ।
ਇੱਕ ਅੱਟੀ ਨਾ ਓਸ ਦਾ ਮੁੱਲ ਪੈਂਦਾ,
ਭਾਵੇਂ ਕਿੰਨਾ ਹੁਸੀਨ ਇਨਸਾਨ ਹੋਵੇ।
ਉਸ ਦੀ ਵਿਦਵਤਾ ਨੂੰ ਕਿਸੇ ਚੱਟਣਾ ਨਹੀਂ,
ਜਿਹੜਾ ਤਰਸ ਤੋਂ ਕੋਰਾ ਵਿਦਵਾਨ ਹੋਵੇ।
ਇੱਕ ਪ੍ਰੇਮ ਤੋਂ ਬਿਨਾਂ ਬੇਅਰਥ ਸੱਭੇ,
ਭਾਵੇਂ ਲੱਖਾਂ ਦਾ ਕੋਲ ਸਾਮਾਨ ਹੋਵੇ।

ਜਿਹੜਾ ਸੱਚ ਤੇ ਪਿਆਰ ਦੇ ਬੋਲ ਬੋਲੇ,
ਦਾਸ ਓਸ ਦਾ ਕੁੱਲ ਜਹਾਨ ਹੋਵੇ।
ਜਿਹੜਾ ਪਿਆਰ ਪ੍ਰਤੱਖ ਭਗਵਾਨ ਜਾਣੇ,
ਓਹੀ ਓਸ ਦੀ ਨਜ਼ਰ ਪਰਵਾਨ ਹੋਵੇ।

ਜੰਗ ਮੱਚਿਆ ਖ਼ੂਬ ਘਮਸਾਨ ਵਾਲਾ,
ਖੰਡੇ ਖੜਕਦੇ, ਵਿਛਦੀਆਂ ਜਾਣ ਲਾਸ਼ਾਂ।
ਨਦੀ ਖ਼ੂਨ ਦੀ ਵਿੱਚ ਤੁਫ਼ਾਨ ਆਇਆ,
ਵਾਂਗ ਡੱਡੂਆਂ ਵਿੱਚ ਨਹਾਣ ਲਾਸ਼ਾਂ।
ਚਿਹਰਾ ਫਿੱਸਿਆ, ਛਾਤੀ ਦੋਫਾੜ ਹੋਈ,
ਕੋਈ ਸਕੇ ਨਾ ਰਤਾ ਪਛਾਣ ਲਾਸ਼ਾਂ।
ਲਾਸ਼ ਲਾਸ਼ ਹੀ ਸਾਰਾ ਮੈਦਾਨ ਦਿੱਸੇ,
ਹਾਲੀ ਹੋਰ ਵੀ ਹੁੰਦੀਆਂ ਜਾਣ ਲਾਸ਼ਾਂ।
ਯੁੱਧ ਪਾਪ ਤੇ ਧਰਮ ਦਾ ਗਰਮ ਹੋਇਆ,
ਦੋਹਾਂ ਧਿਰਾਂ ਦਾ ਬੜਾ ਨੁਕਸਾਨ ਹੋਵੇ।
ਫਿਰ ਵੀ ਸੱਚ ਦੇ ਵਾਸਤੇ ਲੜੇ ਜਿਹੜਾ,
ਓਹੀ ਓਸਦੀ ਨਜ਼ਰ ਪਰਵਾਨ ਹੋਵੇ।

ਸਿੰਘਾਂ ਪਕੜ ਘਨ੍ਹਈਆ ਸ਼ਿਕਾਇਤ ਕੀਤੀ,
"ਬਾਜਾਂ ਵਾਲਿਆ! ਕਹਿਰ ਕਮਾ ਰਿਹਾ ਏ।
ਜਿਹੜੇ ਦੁਸ਼ਮਣਾਂ ਨੂੰ ਅਸੀਂ ਮਾਰਦੇ ਹਾਂ,
ਇਹ ਤਾਂ ਉਹਨਾਂ ਨੂੰ ਫੇਰ ਜਿਵਾ ਰਿਹਾ ਏ।
ਵੈਰੀ-ਮਿੱਤ ਦੀ ਨਹੀਂ ਪਛਾਣ ਇਹਨੂੰ,
ਦੁੱਧ ਸੱਪਾਂ ਦੇ ਬੁੱਲ੍ਹੀਂ ਛੁਹਾ ਰਿਹਾ ਏ।
ਭੈੜਾ ਪਾਣੀ ਪਿਲਾਉਣ ਦੇ ਪੱਜ, ਸਾਡੀ
ਕੀਤੀ ਕੱਤਰੀ 'ਤੇ ਪਾਣੀ ਪਾ ਰਿਹਾ ਏ।"

ਅੱਗੋਂ ਕਿਹਾ ਘਨੱਈਏ ਨੇ, "ਪਾਤਸ਼ਾਹ ਜੀ!
ਜਿਹੜਾ ਝੂਠ ਬੋਲੇ, ਬੇਈਮਾਨ ਹੋਵੇ।
ਮੈਂ ਤਾਂ ਸਮਝਦਾਂ, ਭੇਦ ਜੋ ਭੁੱਲ ਜਾਵੇ,
ਓਹੀ ਓਸਦੀ ਨਜ਼ਰ ਪਰਵਾਨ ਹੋਵੇ।"

"ਜਿੰਨੀ ਦੇਰ ਕਰਦੈ ਵੈਰੀ ਵਾਰ ਸਾਵਾਂ,
ਓਦੋਂ ਤੀਕ ਉਹ ਵੈਰੀ ਪਛਾਣ ਹੁੰਦੈ।
ਜਦੋਂ ਭੱਜ ਜਾਵੇ, ਪਿੱਠ ਦੱਸ ਜਾਵੇ,
ਓਦੋਂ ਸੂਰਮਾ ਨਹੀਂ, ਸ਼ੈਤਾਨ ਹੁੰਦੈ।
ਜਦੋਂ ਡਿੱਗ ਪੈਂਦੈ ਸੱਟ ਖਾ ਭੁੰਜੇ,
ਓਦੋਂ ਵੈਰੀ ਨਹੀਂ, ਓਦੋਂ ਇਨਸਾਨ ਹੁੰਦੈ।
ਫੱਟੜ ਹੋਏ ਦੇ ਫੱਟਾਂ 'ਤੇ ਮਲ੍ਹਮ ਲਾਵੇ,
ਅਸਲ ਵਿੱਚ ਉਹ ਮਰਦ ਜਵਾਨ ਹੁੰਦੈ।

ਡਿੱਗੇ ਪਏ ਨੂੰ ਵੈਰੀ ਜੋ ਆਖਦਾ ਏ,
ਉਹਦੇ ਜਿਹਾ ਨਾ ਕੋਈ ਨਾਦਾਨ ਹੋਵੇ।
ਡਿੱਗੇ ਵੈਰੀ ਦਾ ਆਸਰਾ ਬਣੇ ਜਿਹੜਾ,
ਓਹੀ ਓਸਦੀ ਨਜ਼ਰ ਪਰਵਾਨ ਹੋਵੇ।"

"ਕੋਈ ਪਿਆਸਾ ਜੇ 'ਪਾਣੀ' ਪੁਕਾਰਦਾ ਏ,
ਮੈਥੋਂ ਓਸ ਨੂੰ ਨਹੀਂ ਇਨਕਾਰ ਹੁੰਦੀ।
ਮੇਰੀ ਮਸ਼ਕ ਵਿਚ ਦੂਈ ਦਾ ਮੁਸ਼ਕ ਹੀ ਨਹੀਂ,
ਜਿੱਥੇ ਪਿਆਸ ਹੋਵੇ, ਉੱਥੇ ਧਾਰ ਹੁੰਦੀ।
ਕਲਗੀਆਂ ਵਾਲਿਆ! ਫੇਰ ਵੀ ਇੰਜ ਹੁੰਦਾ,
ਮੇਰੀ ਥਾਂ ਜੇ ਆਪ ਸਰਕਾਰ ਹੁੰਦੀ।
ਜ਼ਖ਼ਮ ਜ਼ਖ਼ਮ 'ਚੋਂ ਦਿੱਸੇ ਦਸਮੇਸ਼ ਮੈਨੂੰ,
ਮੈਥੋਂ ਤੇਰੀ ਨਹੀਂ ਸੂਰਤ ਵਿਸਾਰ ਹੁੰਦੀ।
ਹਰ ਇਕ ਚੀਸ ਦੇ ਵਿੱਚੋਂ ਕਰਤਾਰ ਬੋਲੇ,
ਹਰ ਇਕ ਫੱਟ ਦੇ ਵਿਚ ਭਗਵਾਨ ਹੋਵੇ।
ਜੀਵ-ਜੀਵ 'ਚੋਂ ਜਿਹਨੂੰ ਦਾਤਾਰ ਦਿੱਸੇ,
ਓਹੀ ਓਸਦੀ ਨਜ਼ਰ ਪਰਵਾਨ ਹੋਵੇ।"

"ਇਹੋ ਸਿਫ਼ਤ ਹੈ ਸਿੰਘਾਂ ਤੇ ਸੂਰਿਆਂ ਦੀ,
ਜੀਣਾਂ ਸ਼ੇਰਾਂ ਦੇ ਵਾਂਗ ਉਹ ਲੋੜਦੇ ਨੇ।
ਵੱਡੇ-ਵੱਡੇ ਹੰਕਾਰੀਆਂ, ਜਾਬਰਾਂ ਦੇ,
ਪਲ਼ਾਂ ਵਿੱਚ ਹੰਕਾਰ ਉਹ ਤੋੜਦੇ ਨੇ।
ਸੂਰੇ ਕਰਮ ਦੇ ਤੇ ਪੂਰੇ ਧਰਮ ਦੇ ਨੇ,
ਕਦੀ ਫ਼ਰਜ਼ ਤੋਂ ਮੁੱਖ ਨਾ ਮੋੜਦੇ ਨੇ।
ਵੈਰੀ ਪਿਆਸੇ ਨੂੰ ਪਾਣੀ ਦੀ ਲੋੜ ਹੋਵੇ,
ਉੱਥੇ ਆਪਣਾ ਲਹੂ ਨਿਚੋੜਦੇ ਨੇ।

ਜ਼ਖ਼ਮੀ ਵਾਸਤੇ ਦਾਤਿਆ! ਮਲ੍ਹਮ ਦੇ ਦੇ,
ਵੈਰੀ ਵਾਸਤੇ ਹੱਥ ਕਿਰਪਾਨ ਹੋਵੇ,
ਬਾਜਾਂ ਵਾਲਿਆ! ਕੰਮ ਕਰਾਈਂ ਓਹੀ,
ਓਹੀ ਓਸਦੀ ਨਜ਼ਰ ਪਰਵਾਨ ਹੋਵੇ।

(ਜਨਵਰੀ 1971)

# ਸਾਧੂ ਚੱਲਦੇ ਭਲੇ

ਸ਼੍ਰੀ ਗੁਰੂ ਨਾਨਕ ਦੇਵ ਜੀ ਬਾਲਪਨ ਤੋਂ ਹੀ ਪ੍ਰਭੂ-ਭਗਤੀ ਦੇ ਰੰਗ ਵਿੱਚ ਰੰਗੇ ਹੋਏ ਸਨ। ਉਹਨਾਂ ਦੇ ਪਿਤਾ ਜੀ ਨੇ ਜਦ ਉਹਨਾਂ ਨੂੰ ਦੁਨਿਆਵੀ ਕਾਰ-ਵਿਹਾਰ ਵਿੱਚ ਪਾਉਣਾ ਚਾਹਿਆ ਤਾਂ ਉਹਨਾਂ ਮੁਤਾਬਕ ਉਹ ਕਾਮਯਾਬ ਨਾ ਹੋ ਸਕੇ, ਜਿਸ 'ਤੇ ਪਿਤਾ ਜੀ ਨਿਰਾਸ਼ ਅਤੇ ਨਰਾਜ਼ ਹੋਏ। ਗੁਰੂ ਸਾਹਿਬ ਦੇ ਵੱਡੇ ਭੈਣ ਬੀਬੀ ਨਾਨਕੀ ਜੀ ਗੁਰੂ ਜੀ ਦੀ ਆਤਮਕ ਅਵਸਥਾ ਨੂੰ ਸਮਝਦੇ ਸਨ। ਇਸ ਲਈ ਉਹ ਉਹਨਾਂ ਨੂੰ ਆਪਣੇ ਨਾਲ ਆਪਣੇ ਸਹੁਰੇ-ਘਰ ਸੁਲਤਾਨ ਪੁਰ ਸਾਹਿਬ ਲੈ ਗਏ, ਜਿੱਥੇ ਗੁਰੂ ਸਾਹਿਬ ਜੀ ਦੇ ਜੀਜਾ ਜੀ ਸ਼੍ਰੀ ਜੈ ਰਾਮ ਜੀ ਨੇ ਉਹਨਾਂ ਨੂੰ ਉੱਥੋਂ ਦੇ ਸੁਲਤਾਨ ਦੇ ਮੋਦੀਖ਼ਾਨੇ ਵਿੱਚ ਨੌਕਰੀ ਲਗਵਾ ਦਿੱਤੀ। ਮੋਦੀਖ਼ਾਨਾ ਇਕ ਤਰ੍ਹਾਂ ਨਾਲ ਸੁਲਤਾਨ ਦਾ ਸਰਕਾਰੀ ਡੀਪੂ ਸੀ ਜਿੱਥੋਂ ਨਾ ਕੇਵਲ ਮਹਿਲਾਂ ਅਤੇ ਫ਼ੌਜ ਨੂੰ ਹੀ ਰਾਸ਼ਨ ਜਾਂਦਾ ਸੀ ਸਗੋਂ ਆਮ ਜੰਤਾ ਨੂੰ ਵੀ ਨਿਸ਼ਚਿਤ ਮੁੱਲ 'ਤੇ ਰਾਸ਼ਨ ਮਿਲਦਾ ਸੀ।

ਗੁਰੂ ਸਾਹਿਬ ਇੱਥੇ ਵੀ ਗ਼ਰੀਬ-ਗ਼ੁਰਬੇ ਨੂੰ ਕੀਮਤ ਤੋਂ ਵੱਧ ਰਾਸ਼ਨ ਦੇ ਦਿੰਦੇ। ਇਸ ਬਾਰੇ ਜਦੋਂ ਸ਼ਿਕਾਇਤ ਹੋਈ ਤਾਂ ਗੁਦਾਮ ਵਿੱਚ ਰਾਸ਼ਨ ਲੋੜ ਤੋਂ ਵੀ ਵੱਧ ਨਿਕਲਿਆ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੂੰ ਤਨਖ਼ਾਹ ਦੇ ਨਾਲ਼-ਨਾਲ਼ ਕੁਝ ਰਾਸ਼ਨ ਵੀ ਮੋਦੀਖ਼ਾਨੇ ਵਿੱਚੋਂ ਮਿਲਦਾ ਸੀ। ਅਸਲ ਵਿੱਚ ਗੁਰੂ ਸਾਹਿਬ ਆਪਣੇ ਬਣਦੇ ਰਾਸ਼ਨ ਵਿੱਚੋਂ ਹੀ ਗ਼ਰੀਬਾਂ ਨੂੰ ਵੱਧ ਰਾਸ਼ਨ ਦੇ ਦਿੰਦੇ ਸਨ। ਉਹਨਾਂ ਦੀਆਂ ਇਹਨਾਂ ਬਖ਼ਸ਼ਿਸ਼ਾਂ ਅਤੇ ਬੇਪਰਵਾਹੀਆਂ ਨੂੰ ਹੀ ਬਿਆਨ ਕੀਤਾ ਹੈ ਇਸ ਨਜ਼ਮ ਵਿੱਚ....)

ਕਹਿੰਦੇ- ਕੇਰਾਂ ਮੋਦੀਖ਼ਾਨੇ।
ਬਹਿ ਗਏ ਨਾਨਕ ਜੀ ਮਸਤਾਨੇ।
ਡੀਪੂ ਉਹ ਹਰਜਾਈ ਦਾ ਸੀ।
ਲੇਖਾ ਪਾਈ-ਪਾਈ ਦਾ ਸੀ।

ਨਾਨਕ ਲੇਖਾਕਾਰ ਨਹੀਂ ਸੀ।
ਇਹ ਉਸਦਾ ਵਿਉਹਾਰ ਨਹੀਂ ਸੀ।
ਉਹ ਖੋਟਾ ਵਿਉਪਾਰੀ ਨਹੀਂ ਸੀ।
ਘੱਟ-ਤੋਲਾ ਪੰਸਾਰੀ ਨਹੀਂ ਸੀ।

ਠੂੰਗਾ ਕਦੀ ਚਲਾਉਂਦਾ ਨਹੀਂ ਸੀ।
ਫਿਰ ਵੀ ਘਾਟਾ ਪਾਉਂਦਾ ਨਹੀਂ ਸੀ।
ਕਦੇ ਮਿਲਾਵਟ ਕਰਦਾ ਨਹੀਂ ਸੀ।
ਏਸੇ ਕਰਕੇ ਡਰਦਾ ਨਹੀਂ ਸੀ।

ਦਾਤਾ ਬਰਕਤ ਪਾਈ ਜਾਂਦਾ।
ਉਹ ਅੱਗੇ ਵਰਤਾਈ ਜਾਂਦਾ।
ਭੁੱਖੇ ਢਿੱਡ ਰਜਾਈ ਜਾਂਦਾ।
'ਤੇਰਾ-ਤੇਰਾ' ਗਾਈ ਜਾਂਦਾ।

ਆਖੀ ਜਾਵੇ 'ਤੇਰਾ-ਤੇਰਾ'।
ਕਹਿ ਨਾਨਕ, 'ਕਿਛੁ ਨਾਹੀਂ ਮੇਰਾ।
ਤੇਰਾ ਜਗਤ-ਪਸਾਰਾ ਸਾਰਾ।
ਇਹ ਸੰਸਾਰ ਨਿਆਰਾ ਸਾਰਾ।

ਤੂੰ ਹੀ ਤੂੰ ਹੈਂ ਸਭਨੀਂ ਥਾਈਂ।
ਤੂੰ ਕਰਤਾ, ਕਰਨਾ ਮੈਂ ਨਾਹੀਂ।
ਤੇਰੀ ਵਸਤੂ ਅਰਪਨ ਤੈਨੂੰ।
ਸਾਹ ਸਾਹ ਮੇਰਾ ਸਮਰਪਨ ਤੈਨੂੰ।

ਤੇਰਾ ਰੂਪ ਲੁਕਾਈ ਸਾਰੀ।
ਤੇਰਾ ਰੂਪ ਖ਼ੁਦਾਈ ਸਾਰੀ।
ਤੇਰੀਆਂ ਦਾਤਾਂ ਦਾ ਭੰਡਾਰ।
ਤੇਰੀ ਨਜ਼ਰ ਕਰਾਂ ਕਰਤਾਰ!

ਤੁਧ ਬਾਝੋਂ ਕਿਛੁ ਨਾਹੀਂ ਮੇਰਾ।
ਤੂੰ ਮਾਲਿਕ, ਮੈਂ ਬਰਦਾ ਤੇਰਾ।"
ਇੰਜ ਭੰਡਾਰੇ ਵੰਡੀ ਜਾਵੇ।
ਦੁਨੀਆਂ ਖਾ-ਖਾ ਭੰਡੀ ਜਾਵੇ।

ਜਾ ਦੂਤੀ ਨੇ ਲੂਤੀ ਲਾਈ।
ਜਾ ਸੁਲਤਾਨ ਦੇ ਕੰਨੀਂ ਪਾਈ।

"ਇਸ ਮੋਦੀ ਨੂੰ ਬਦਲੋ ਭਾਈ।
ਇਹ ਤਾਂ ਨਾਵਾਂ ਜਾਏ ਲੁਟਾਈ।
ਪਿੱਛੇ ਫੱਕਾ ਦਾਣੇ ਨਹੀਂ ਜੇ।
ਇਸ ਦੀ ਸੁਰਤ ਟਿਕਾਣੇ ਨਹੀਂ ਜੇ।

ਦੀਵਾਨੇ ਨੂੰ ਬਹਾ ਕੇ ਹੱਟੀ।
ਕੀ ਖੱਟੋਗੇ ਸ਼ਾਹੋ, ਖੱਟੀ?"
ਸੁਣ ਗੁੱਸੇ ਵਿਚ ਆਇਆ ਲੋਦੀ।
ਬਾਹੋਂ ਪਕੜ ਉਠਾਇਆ ਮੋਦੀ।

ਕਹਿੰਦੈ, "ਨਾਨਕ, ਲੇਖਾਕਾਰਾ!
ਕਰ ਦੇ ਲੇਖਾ-ਪੱਤਾ ਸਾਰਾ।
ਤੂੰ ਤਾਂ ਕਹਿਰ ਕਮਾਈ ਜਾਨੈਂ।
'ਤੇਰਾ-ਤੇਰਾ' ਗਾਈ ਜਾਨੈਂ।

ਭਰ-ਭਰ ਛਾਬੇ ਪਾਈ ਜਾਨੈਂ।
ਸਾਡੀ ਹੱਟ ਲੁਟਾਈ ਜਾਨੈਂ।
ਇੰਜ ਪੂਰੀਆਂ ਪਾ ਦੇਵੇਂਗਾ।
ਸਾਰੀ ਰਾਸ ਲੁਟਾ ਦੇਵੇਂਗਾ।

ਕੂਚ ਦੁਕਾਨੋਂ ਕਰ ਜਾ ਭਗਤਾ!
ਸਾਡਾ ਬਣਦਾ ਧਰ ਜਾ ਭਗਤਾ!"

ਸੁਣ ਕੇ ਨਾਨਕ ਜੀ ਮੁਸਕਾਏ।
ਲੱਥ ਗੱਦੀਓਂ ਥੱਲੇ ਆਏ।
ਕਹਿੰਦੇ, "ਸੁਣ ਲੋਦੀ ਸੁਲਤਾਨਾ!
ਐਡਾ ਤਾਂ ਮੈਂ ਨਹੀਂ ਅੰਞਾਣਾ।
ਕਿ ਮੈਂ ਘਾਟਾ ਪਾ ਦੇਵਾਂਗਾ।
ਤੇਰੀ ਹੱਟ ਲੁਟਾ ਦੇਵਾਂਗਾ।
ਤੇਰੀ ਹੱਟੀ ਤੇਰੀ ਅਮਾਨਤ।
ਮੈਂ ਨਾ ਕਰਸਾਂ ਕਦੀ ਖ਼ਿਆਨਤ।

ਤੇਰਾ ਹਿੱਸਾ ਧਰਿਆ ਹੋਇਐ।
ਵੇਖ, ਭੰਡਾਰਾ ਭਰਿਆ ਹੋਇਐ।
ਤੇਰਾ ਹਿੱਸਾ ਮੁੱਲ ਵੇਚਦਾਂ।
ਪਰ 'ਉਸਦਾ' ਅਣਤੁੱਲ ਵੇਚਦਾਂ।

ਉਹਦੀਆਂ ਦਾਤਾਂ ਉਦ੍ਹੀ ਲੁਕਾਈ।
ਜੇਕਰ ਖਾ ਜਾਂਦੀ ਹੈ ਭਾਈ।
ਤਾਂ ਤੇਰਾ-ਮੇਰਾ ਕੀ ਜਾਂਦੈ?
ਤੇਰਾ ਦਿਲ ਕਿਉਂ ਗੋਤੇ ਖਾਂਦੈ?

ਏਥੇ ਤੇਰਾ-ਮੇਰਾ ਕੀ ਹੈ?
ਤੇਰਾ-ਮੇਰਾ ਜੇਰਾ ਕੀ ਹੈ?

ਕਰਤਾ-ਪੁਰਖ ਪਸਾਰੇ ਵਾਲਾ।
ਉਹ ਅਟੁੱਟ-ਭੰਡਾਰੇ ਵਾਲਾ।
ਦੇਂਦਾ ਦੇਹ ਲੈਂਦੇ ਥਕ ਪਾਹੇ।
ਜੁਗਾ ਜੁਗੰਤਰ ਖਾਹੀ ਖਾਹੇ।

ਨਾ ਉਹ ਥੁੜੇ, ਨਾ ਤੋਟ ਹੀ ਆਵੇ।
ਕੋਟ-ਕੋਟ ਜੰਤੂ ਬਹਿ ਖਾਵੇ।
ਉਸ ਦਾਤੇ ਨੂੰ ਜੇਕਰ ਭਾਵੇ।
ਉਹ ਦਾਤਾਂ ਏਦਾਂ ਵਰਤਾਵੇ।

ਪੱਥਰ ਅੰਦਰ ਕੀੜਾ ਕਰਿਆ।
ਤਾ ਕਾ ਰਿਜਕ ਆਗੇ ਕਰ ਧਰਿਆ।
ਸਾਰਾ ਜਗਤ ਭੰਡਾਰ ਓਸ ਦਾ।
ਇਹ ਸਾਰਾ ਸੰਸਾਰ ਓਸ ਦਾ।

ਤੇਰਾ ਕੀ ਹੈ? ਮੇਰਾ ਕੀ ਹੈ?
ਤੇਰਾ-ਮੇਰਾ ਜੇਰਾ ਕੀ ਹੈ?
ਕੋਈ ਕਿਸੇ ਤੋਂ ਕੀ ਲੈ ਜਾਂਦੈ?
ਕੋਈ ਕਿਸੇ ਨੂੰ ਕੀ ਦੇ ਜਾਂਦੈ?

ਫਿਰ ਵੀ ਦੁਨਿਆਵੀ-ਸੁਲਤਾਨਾ!
ਐਡਾ ਵੱਡਾ ਹੋ ਕੇ ਦਾਨਾ।
ਲੈਣਾ ਲੋਚੇਂ ਕੂੜ-ਖ਼ਜ਼ਾਨਾ?
ਸਾਂਭ ਆਪਣਾ ਮੋਦੀਖ਼ਾਨਾ।

ਇਹ ਭੰਡਾਰ ਮੁਬਾਰਕ ਤੈਨੂੰ।
ਤੰਗ-ਵਿਚਾਰ ਮੁਬਾਰਕ ਤੈਨੂੰ।
ਫ਼ੱਕਰ ਨਾਮ ਧਿਆਉਂਦੇ ਚੰਗੇ।
ਦਾਤੇ ਦੇ ਗੁਣ ਗਾਉਂਦੇ ਚੰਗੇ।

ਕਹਿ, ਨਾਨਕ ਜੀ ਰਾਹੇ ਪੈ ਗਏ।
ਤੇ ਪਾਪੀ ਪਛਤਾਉਂਦੇ ਰਹਿ ਗਏ।

(2-11-1971)

# ਬਾਬੇ ਮੱਕਾ ਫੇਰਿਆ

(ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਰਮ-ਪ੍ਰਚਾਰ ਢੰਗ ਬੜਾ ਅਜੀਬ ਅਤੇ ਰੌਚਕ ਸੀ। ਉਹ ਆਮ ਤੌਰ 'ਤੇ ਹੀ ਧਾਰਮਿਕ-ਕੇਂਦਰਾਂ 'ਤੇ ਜਾਂਦੇ ਤੇ ਉੱਥੋਂ ਦੀਆਂ ਮਾਨਤਾਵਾਂ ਦੇ ਵਿਰੁੱਧ ਕੋਈ ਚੋਜ ਵਰਤਾ ਦਿੰਦੇ। ਜਦ ਉਹਨਾਂ ਨੂੰ ਇਸ ਤਰ੍ਹਾਂ ਕਰਨ ਤੋਂ ਰੋਕਿਆ ਜਾਂਦਾ ਤਾਂ ਉਹ ਉਸ ਮਾਨਤਾ ਬਾਰੇ ਸਚਾਈ ਸਮਝਾਉਂਦੇ ਤੇ ਜੰਤਾ ਨੂੰ ਸੱਚਾ ਮਾਰਗ ਦਿਖਾਉਂਦੇ। ਜਦ ਗੁਰੂ ਜੀ ਮੱਕੇ ਗਏ ਤਾਂ ਉੱਥੇ ਵੀ ਇਹ ਮਾਨਤਾ ਸੀ ਕਿ ਰੱਬ ਮੱਕੇ ਵਿੱਚ ਵਾਸਾ ਕਰਦਾ ਹੈ। ਗੁਰੂ ਜੀ ਨੇ ਇੱਥੇ ਇਹ ਦੱਸਣਾ ਜ਼ਰੂਰੀ ਸਮਝਿਆ ਕਿ ਰੱਬ ਤਾਂ ਸਰਬ-ਵਿਆਪਕ ਹੈ, ਕਿਸੇ ਇੱਕ ਖ਼ਾਸ ਥਾਂ 'ਤੇ ਹੀ ਨਹੀਂ ਵੱਸਦਾ। ਇਸ ਲਈ ਉਹ ਮੱਕੇ ਵੱਲ ਪੈਰ ਕਰਕੇ ਸੌਂ ਗਏ। ਜਦ ਉੱਥੋਂ ਦੇ ਵਾਸੀਆਂ ਅਤੇ ਇਸਲਾਮਿਕ ਆਗੂਆਂ ਨੇ ਇਸ ਦਾ ਵਿਰੋਧ ਕੀਤਾ ਤਾਂ ਗੁਰੂ ਜੀ ਨੇ ਕਿਹਾ ਕਿ ਜਿਸ ਪਾਸੇ ਮੱਕਾ ਨਹੀਂ ਹੈ ਤੁਸੀਂ ਮੇਰੇ ਪੈਰ ਉਸ ਪਾਸੇ ਕਰ ਦਿਉ, ਤਾਂ ਕਿਹਾ ਜਾਂਦਾ ਹੈ ਕਿ ਉਹ ਗੁਰੂ ਜੀ ਦੇ ਪੈਰ ਜਿਸ ਪਾਸੇ ਵੀ ਕਰਦੇ ਮੱਕਾ ਘੁੰਮ ਕੇ ਉਸੇ ਪਾਸੇ ਹੀ ਹੋ ਜਾਂਦਾ। ਇਹ ਵੀ ਹਕੀਕਤ ਹੈ ਕਿ ਗੁਰੂ ਸਾਹਿਬ ਦੀ ਦਲੀਲ-ਸ਼ਕਤੀ ਇੰਨੀ ਜ਼ੋਰਦਾਰ ਸੀ ਕਿ ਉਹ ਦਲੀਲ ਨਾਲ ਹੀ ਅਗਲੇ ਨੂੰ ਆਪਣੀ ਗੱਲ ਮੰਨਵਾ ਲੈਂਦੇ ਸਨ। ਪੇਸ਼ ਹੈ ਇਸ ਘਟਨਾ ਬਾਰੇ ਇੱਕ ਨਜ਼ਮ।)

ਬਾਬਾ ਪਿਆ ਸੀ ਮੱਕੇ ਦੇ ਕੋਲ ਸੁੱਤਾ,
ਕਿਸੇ ਆਣ ਕੇ ਉਹਨੂੰ ਉਠਾ ਦਿੱਤਾ।
ਕੋਈ ਹੋਊਗਾ ਮੱਕੇ ਦਾ ਅੜਾ-ਆਸ਼ਿਕ,
ਬਾਹੋਂ ਪਕੜ ਕੇ ਬਾਬਾ ਬਿਠਾ ਦਿੱਤਾ।

ਕਹਿੰਦੈ- "ਉੱਠ ਉਏ ਕਾਫ਼ਿਰਾ! ਹੋਸ਼ ਕਰ ਤੂੰ,
ਵੇਖ, ਮੱਕੇ ਨੂੰ ਪੈਰ ਵਿਖਾ ਰਿਹਾ ਏਂ।
ਸਾਡੇ ਵਲੀ ਨੂੰ ਕਮਲਿਆ ਪੈਰ ਦੱਸੇਂ,
ਮੌਤ ਆਪਣੀ ਆਪ ਬੁਲਾ ਰਿਹਾ ਏਂ।

ਮੱਕੇ ਵੱਲ ਨੂੰ ਪੈਰ ਪਸਾਰ ਸੁੱਤੈਂ,
ਸਾਧਾ, ਰੱਬ ਦਾ ਰਤਾ ਖ਼ਿਆਲ ਤਾਂ ਕਰ!
ਉਂਜ ਜਾਪਦੈਂ ਬੜਾ ਦਾਨਾਅ ਬੰਦਾ,
ਅਕਲ-ਹੀਣਿਆਂ, ਅਕਲ ਦੀ ਭਾਲ ਤਾਂ ਕਰ!"

ਬਾਬੇ ਆਖਿਆ- "ਮੇਰਾ ਦਾਨਾਅ ਮਾਲਿਕ,
ਉਹਦੇ ਹੁੰਦਿਆਂ ਅਕਲ ਦੀ ਥੋੜ ਈ ਨਹੀਂ।
ਜਿਵੇਂ ਆਖਦੈ, ਉਵੇਂ ਮੈਂ ਕਰੀ ਜਾਨਾਂ,
ਮੈਨੂੰ ਬਹੁਤੀਆਂ ਅਕਲਾਂ ਦੀ ਲੋੜ ਈ ਨਹੀਂ।
ਬਾਕੀ ਦੱਸ ਦੇ, ਮੈਨੂੰ ਤਾਂ ਪਤਾ ਕੋਈ ਨਹੀਂ,
ਮੱਕੇ ਵਿਚ ਕੋਈ ਸ਼ਾਹੇ-ਜਹਾਨ ਰਹਿੰਦੈ?
ਜਾਂ ਕਿ ਵੱਸਦੈ ਰੱਬ ਦਾ ਭਗਤ ਕੋਈ?
ਜਾਂ ਕਿ ਬੜਾ ਧਨਾਢ ਇਨਸਾਨ ਰਹਿੰਦੈ?

ਬਾਬਰ ਜਿਹਾ ਕੋਈ ਜਾਬਰ ਦਾ ਪੁੱਤ ਰਹਿੰਦੈ?
ਜਾਂ ਹਕੂਮਤੋਂ ਬਾਗ਼ੀ ਜਵਾਨ ਰਹਿੰਦੈ?
ਜਿਹਦੇ ਮਹਿਲਾਂ ਦੇ ਵੱਲ ਨਹੀਂ ਪੈਰ ਕਰਨੇ,
ਕਿਹੜਾ ਆਦਮੀ ਐਡਾ ਮਹਾਨ ਰਹਿੰਦੈ?''

ਉੱਤਰ ਮਿਲਿਆ ਕਿ- ''ਕਾਫ਼ਰਾ, ਕੁਫ਼ਰ ਤੋਲੇਂ,
ਕਰੇ ਕਾਫ਼ਰਾਂ ਦਾ ਸਦਾ ਨਾਸ ਮੱਕਾ।
ਮੱਕੇ ਵਿੱਚ ਮੇਰਾ ਅੱਲ੍ਹਾ-ਪਾਕ ਰਹਿੰਦੈ,
ਅੱਲ੍ਹਾ-ਤਾਲਾ ਦਾ ਖ਼ਾਸ ਨਿਵਾਸ ਮੱਕਾ।''

ਬਾਬੇ ਆਖਿਆ- ''ਬੜੀ ਅਜੀਬ ਗੱਲ ਏ,
ਸਾਥੋਂ ਰੱਬ ਦਾ ਘਰ ਅਗਿਆਤ ਹੋਵੇ!
ਜਿੱਥੇ ਯਾਦ ਕਰੀਏ, ਉੱਥੇ ਬੈਠਿਆਂ ਹੀ,
ਰੱਬ ਨਾਲ ਸਾਡੀ ਮੁਲਾਕਾਤ ਹੋਵੇ।

ਉਹਨੇ ਕਦੀ ਵੀ ਦੱਸਿਆ ਨਹੀਂ ਸਾਨੂੰ,
ਕਿ ਉਹ ਵੱਸਦੈ ਮੱਕੇ-ਮਦੀਨਿਆਂ ਵਿਚ।
ਕਿਹੜੇ ਦਿਨਾਂ ਵਿਚ ਦੁਨੀਆਂ ਦੀ ਸਾਰ ਲੈਂਦੈ,
ਮੱਕੇ ਸ਼ੋਭਦੈ ਕਿਹੜੇ ਮਹੀਨਿਆਂ ਵਿਚ।

ਮੈਨੂੰ ਜਾਪਦੈ, ਮੁੱਲਾਂ ਜੀ ਆਪ ਨੂੰ ਵੀ,
ਕਦੀ ਰੱਬ ਦਾ ਨਹੀਂ ਦੀਦਾਰ ਹੋਇਆ।
ਤਾਂ ਹੀ ਰਹੇ ਭੁਲੇਖੇ ਦੇ ਵਿੱਚ ਹਜ਼ਰਤ,
ਤਾਂ ਹੀ ਸੰਤਾਂ ਦੇ ਨਾਲ ਤਕਰਾਰ ਹੋਇਆ।

ਲੈ ਫਿਰ ਸੱਚ ਦੀ ਗੱਲ ਮੈਂ ਦੱਸਦਾ ਹਾਂ,
ਰੱਬ ਬੜੀ ਅਜੀਬ ਜਿਹੀ ਆਤਮਾ ਈ।
ਸਾਰੇ ਜੱਗ 'ਚ ਜਿੰਨੀਆਂ ਆਤਮਾਂ ਨੇ,
ਉਹਨਾਂ ਸਾਰੀਆਂ ਵਿੱਚ ਪਰਮਾਤਮਾ ਈ।

ਰੱਬ ਕੈਦ ਨਹੀਂ ਮੱਕੇ-ਮਦੀਨਿਆਂ ਵਿੱਚ,
ਰੱਬ ਵਿਚਰਦੈ ਸਾਰੇ ਜਹਾਨ ਅੰਦਰ।
ਬਨਸਪਤੀ, ਕੀਟਾਣੂੰ ਤੇ ਕੀਟ ਅੰਦਰ,
ਰੱਬ ਵੱਸੇ ਹੈਵਾਨ, ਸ਼ੈਤਾਨ ਅੰਦਰ।

ਮਾੜੇ ਆਦਮੀ ਵਿੱਚੋਂ ਵੀ ਭੱਜਦਾ ਨਹੀਂ,
ਸੁਖੀ ਵੱਸਦੈ ਭਲੇ ਇਨਸਾਨ ਅੰਦਰ।
ਜਿਹਨੇ ਸਾਰੇ ਜਹਾਨ ਵਿਚ ਵੱਸਣਾ ਹੈ,
ਕਿਵੇਂ ਵੱਸੂਗਾ ਇੱਕ ਮਕਾਨ ਅੰਦਰ?

ਰੱਬ ਖੰਡ, ਬ੍ਰਹਿਮੰਡ, ਪਤਾਲ ਅੰਦਰ,
ਸੂਰਜ, ਚੰਨ, ਸਿਤਾਰੇ ਖ਼ੁਦਾ-ਖ਼ਾਨਾ।
ਹਰੀਆਂ ਵਾਦੀਆਂ, ਪਰਬਤ ਖ਼ੁਦਾ ਦਾ ਘਰ,
ਸਾਗਰ ਸਾਰੇ ਦੇ ਸਾਰੇ ਖ਼ੁਦਾ-ਖ਼ਾਨਾ।
ਉਸ ਹਿਮਾਲੀਆ ਉੱਤੇ ਕੀ ਰੱਬ ਹੈ ਨਹੀਂ,
ਜਿੱਥੇ ਪੱਥਰੀਂ ਰੋਜ਼ੀਆਂ ਮਿਲਦੀਆਂ ਨੇ।
ਕਿਤੇ ਰੱਬ ਦੇ ਸਾਹਾਂ ਦੀ ਸਿੱਲ੍ਹ ਪਾ ਕੇ,
ਮਾਰੂਥਲੀਂ ਚਮੇਲੀਆਂ ਖਿਲਦੀਆਂ ਨੇ।

ਮੰਦਰ ਅਤੇ ਮਸੀਤੀਂ ਵੀ ਰੱਬ ਹੁੰਦੈ,
ਰੱਬ ਖੇਤਾਂ ਦੇ ਵਿੱਚ ਵੀ ਫੁੱਟਦਾ ਏ।
ਓਦੋਂ ਰੱਬ ਪਰਤੱਖ ਦੀਦਾਰ ਦਿੰਦੈ,
ਮੁੜ੍ਹਕਾ ਜਦੋਂ ਮਜ਼ਦੂਰ ਦਾ ਛੁੱਟਦਾ ਏ।

ਸਾਗਰ ਕੰਢੇ ਹੈ ਮਾਛੀ ਦੀ ਜੂਨ ਦੇ ਵਿਚ,
ਐਪਰ ਖੇਤਾਂ ਦੇ ਵਿਚ ਕਿਰਸਾਨ ਹੈ ਰੱਬ।
ਮਾਰੂਥਲਾਂ ਦੇ ਊਠਾਂ ’ਤੇ ਰੱਬ ਫਿਰਦੈ,
ਬਰਫੀਂ ਵਿਚਰਦਾ ਹਿੰਮ-ਇਨਸਾਨ ਹੈ ਰੱਬ।

ਹਲ਼ ਵਾਹੁੰਦੇ ਜੱਟ ਦੇ ਵਿੱਚ ਅੱਲ੍ਹਾ,
ਪਾਵੇ ਗਾਹ ਤਾਂ ਉਦ੍ਹੇ ਵਿਚ ਰੱਬ ਹੁੰਦੈ।
ਉਹਦੇ ਬੈਲਾਂ ਨੂੰ, ਮਿਹਨਤਾਂ ਕਰਦਿਆਂ ਨੂੰ,
ਚੜ੍ਹੇ ਸਾਹ ਤਾਂ ਉਹਦੇ ਵਿਚ ਰੱਬ ਹੁੰਦੈ।

ਜੀਵ ਜੀਵ ਦੇ ਵਿਚ ਖ਼ੁਦਾ ਵੱਸਦੈ,
ਅੱਲ੍ਹਾ ਧੜਕਦੈ ਦਿਲਾਂ ਦੀਆਂ ਧੜਕਣਾਂ ’ਚੋਂ।
ਰੱਬ ਲਹਿਰਦੈ ਲਹਿਰਦੀ ਫ਼ਸਲ ਵਿੱਚੋਂ,
ਤੇ ਜਵਾਨੀ ਮਸਤਾਨੀ ਦੀਆਂ ਮਟਕਣਾਂ ’ਚੋਂ।

ਕਦੀ ਕਿਸੇ ਮਾਸੂਮ ਦੀਆਂ ਅੱਖੀਆਂ ’ਚੋਂ,
ਤੈਨੂੰ ਰੱਬ ਦਾ ਨਹੀਂ ਦੀਦਾਰ ਹੋਇਆ?
ਦਿਲ ਦੀਆਂ ਹਸਰਤਾਂ ਸਾਂਭ ਕੇ ਰੱਖੀਆਂ ’ਚੋਂ,
ਤੈਨੂੰ ਰੱਬ ਨਹੀਂ ਕਦੇ ਸਾਕਾਰ ਹੋਇਆ?

ਤੈਨੂੰ ਰੱਬ ਦੇ ਹੁਸਨ ਦੀ ਭਾਹ ਅੜਿਆ,
ਕਦੀ ਵੱਜੀ ਨਹੀਂ ਬੀਵੀ ਦੇ ਪਿਆਰ ਵਿੱਚੋਂ?
ਤੈਨੂੰ ਰੱਬ ਦਾ ਰੂਪ ਨਹੀਂ ਨਜ਼ਰ ਆਇਆ,
ਛੋਟੇ ਬਾਲਾਂ ਦੇ ਲਾਡ-ਮਲ੍ਹਾਰ ਵਿੱਚੋਂ?

ਰੱਬ ਕੋਲ ਤੇਰੇ, ਲੇਕਿਨ ਰੁੱਸਿਆ ਈ,
ਤੈਨੂੰ ਕਿਸੇ ਮਨਾਵਣਾ ਦੱਸਿਆ ਨਹੀਂ?
ਘੁੰਡ ਦੂਈ ਦਾ ਪਿਆਰੇ ਦੇ ਮੁੱਖੜੇ ਤੋਂ,
ਤੈਨੂੰ ਕਿਸੇ ਉਠਾਵਣਾ ਦੱਸਿਆ ਨਹੀਂ?

ਕਿਸੇ ਜ਼ਖ਼ਮੀ ਦੇ ਜ਼ਖ਼ਮਾਂ ’ਤੇ ਕੰਨ ਰੱਖੀਂ,
ਰੱਬ ਬੋਲੂਗਾ ਓਸ ਦੀ ਚੀਸ ਵਿੱਚੋਂ।
ਭੁੱਖੇ ਮਰਦੇ ਭਿਖਾਰੀ ਨੂੰ ਅੰਨ ਦੇਵੀਂ,
ਰੱਬ ਦਿੱਸੂਗਾ ਉਦ੍ਹੀ ਅਸੀਸ ਵਿੱਚੋਂ।

ਕਿਸੇ ਪ੍ਰੇਮੀ-ਪ੍ਰੇਮਣ ਦੀ ਤੱਕਣੀ ’ਚੋਂ,
ਰੱਬ ਤੱਕ ਸਕਦੈਂ ਜੇ ਤੂੰ ਤੱਕਣਾ ਈ।
ਤੇਰੀਆਂ, ਭਰਮਾਂ ਦੀਆਂ ਮਾਰੀਆਂ ਅੱਖੀਆਂ ਨੇ,
ਲੇਕਿਨ ਓਸ ਨੂੰ ਤੱਕ ਨਾ ਸੱਕਣਾ ਈ।

ਪਹਿਲਾਂ ਅੱਖੀਆਂ ਪ੍ਰੇਮ ਦੇ ਨਾਲ ਧੋ ਕੇ,
ਭਰਮਾਂ ਵਾਲੀ ਗੁਬਾਰ ਹਟਾ ਬੀਬਾ!
ਲੈ ਕੇ ਸੁਰਮਚੂ ਨਾਮ ਤੇ ਸਾਧਨਾ ਦਾ,
ਸੁਰਮਾ ਰੱਬੀ ਪਿਆਰ ਦਾ ਪਾ ਬੀਬਾ!

ਫੇਰ ਨਜ਼ਰ ਤੇਰੀ ਹੋਊ ਏਸ ਕਾਬਿਲ,
ਕਰ ਸਕੇਂਗਾ ਰੱਬੀ-ਦੀਦਾਰ ਸਾਈਂ!
ਜ਼ੱਰੇ-ਜ਼ੱਰੇ ਦੇ ਵਿੱਚ ਖ਼ੁਦਾ, ਅੱਲ੍ਹਾ,
ਪ੍ਰੇਮ-ਆਤਮਾ ਦਿੱਸੂ ਕਰਤਾਰ ਸਾਈਂ!

ਕਦੀ ਮੱਕਿਆਂ ਵਿੱਚੋਂ ਨਾ ਮਿਲੇ ਮਾਲਿਕ,
ਝੂਠੇ ਭਰਮਾਂ ਦੇ ਚੋਰ-ਉਚੱਕਿਆਂ ਨੂੰ।
ਦੀਵਾ ਹੱਥ ਲੈ ਕੇ ‘ਸੰਧੂ’ ਵਾਂਗ ਤੂੰ ਵੀ,
ਭਾਵੇਂ ਫੋਲ ਕੇ ਵੇਖ ਲੈ ਮੱਕਿਆਂ ਨੂੰ।

(12-10-69)

## ਬਣੀ ਰਹੂ ਮਿਸਾਲ ਜਹਾਨ ਅੰਦਰ

ਮਾਹ ਪੋਹ ਦਾ, ਮੀਂਹ ਦੇ ਬਾਅਦ ਵਾਲਾ,
ਠੱਕਾ ਚੱਲਦੈ, ਜੀਆਂ ਦੀ ਜਾਨ ਕੰਬੇ।
ਠੰਡ ਕਹਿਰ ਦੀ ਚੀਰਦੀ ਜਾਏ ਸੀਨਾ,
ਜ਼ਿਮੀਂ ਕੰਬਦੀ, ਨਾਲ ਅਸਮਾਨ ਕੰਬੇ।
ਠੰਡਾ ਬੁਰਜ ਕੰਬੇ ਠੰਡੀ ਰਾਤ ਦੇ ਵਿਚ,
ਸ਼ਹਿਰ ਕੰਬਦੇ ਨੇ, ਬੀਆਬਾਨ ਕੰਬੇ।
ਨਹੀਂ ਕੰਬੀ ਤਾਂ ਕੰਬੀ ਨਹੀਂ ਮਾਂ ਗੁਜਰੀ,
ਸਾਰੀ ਦੁਨੀਆਂ ਦੇ ਚਾਹੇ ਪ੍ਰਾਨ ਕੰਬੇ।
ਕੰਬੇ ਨਹੀਂ ਦੋ ਪੁੱਤ ਦਸਮੇਸ਼ ਜੀ ਦੇ,
ਨਾ ਹੀ ਕੰਬਿਆ ਹੌਸਲਾ ਸੂਰਿਆਂ ਦਾ।
ਬਰਫਾਂ ਵਿੱਚ ਅੰਗਿਆਰਾਂ ਦੇ ਵਾਂਗ ਦੱਘਦੈ,
ਪੂਰੇ ਚੰਨ ਵਾਂਗੂੰ, ਚਿਹਰਾ ਪੂਰਿਆਂ ਦਾ।

ਲੈਣ ਆਏ ਸਿਪਾਹੀ ਤਾਂ ਬੱਚਿਆਂ ਨੂੰ,
ਹੱਥੀਂ ਤਿਆਰ ਕਰਦੀ ਦਾਦੀ, ਮਾਂ-ਗੁਜਰੀ।
ਗੁਜਰੀ ਉੱਤੇ ਕਈ ਗੁਜ਼ਰੀਆਂ ਸਖ਼ਤ ਘੜੀਆਂ,
ਕਿਹੜੀ ਅੱਗ ਵਿੱਚੋਂ ਗੁਜ਼ਰੀ ਨਾ ਗੁਜਰੀ?
ਛਾਤੀ ਨਾਲ ਲਾ ਕੇ ਪੋਤੇ, ਆਖਦੀ ਹੈ,
"ਤੁਹਾਡੀ ਜਾਨ ਤੋਂ ਮੈਂ ਸਦਕੇ ਜਾਂ ਗੁਜਰੀ।
ਜਾਨ ਜਾਏ ਤਾਂ ਜਾਏ, ਨਾ ਸਿਦਕ ਡੋਲੇ,
ਪੁੱਤੋ! ਸੁਰਖ਼-ਰੂ ਹੋਵੇਗੀ ਤਾਂ ਗੁਜਰੀ।
ਸਿੱਖੀ-ਸਿਦਕ ਦੀ ਪਰਖ ਦੀ ਘੜੀ ਆਖ਼ਿਰ,
ਆਣ ਟਿਕੀ ਤੁਹਾਡੀ ਹੀ ਜਿੰਦ ਉੱਤੇ।
ਚਾਦਰ ਓਸ ਨੂੰ ਲੱਗੇ ਨਾ ਦਾਗ਼ ਬੇਟਾ!
ਜਿਹੜੀ ਪਾਈ ਸੀ ਦਾਦੇ ਨੇ ਹਿੰਦ ਉੱਤੇ।"

ਪੈਰੀਂ ਹੱਥ ਲਾ ਕੇ ਛੋਟੇ ਚੰਦ ਬੋਲੇ,
"ਜ਼ੋਰਾਵਰਾਂ 'ਤੇ ਰੱਖੋ ਵਿਸਾਹ ਮਾਂ ਜੀ!
ਫ਼ਤਿਹ ਹੋਵੇਗੀ ਆਪ ਦੇ ਪੋਤਿਆਂ ਦੀ,
ਰੱਬ ਰੱਖੇ ਸੁਵੱਲੀ ਨਿਗਾਹ ਮਾਂ ਜੀ!
ਸਿੱਖੀ ਸਿਦਕ ਨਿਭ ਜਾਏ ਸਾਡਾ, ਖ਼ੂਨ ਦੇਕੇ,
ਸਾਨੂੰ ਜਾਨ ਦੀ ਨਹੀਂ ਪਰਵਾਹ ਮਾਂ ਜੀ!
ਕਿੱਦਾਂ ਸਿੰਘਾਂ ਸ਼ਹੀਦੀ ਦੇ ਜਾਮ ਪੀਤੇ,
ਸਾਡੀ ਬਣੂ ਸਿਰਹੰਦ ਗਵਾਹ ਮਾਂ ਜੀ!

ਸਾਡੇ ਖ਼ੂਨ ਵਿਚ ਖ਼ੂਨ ਹੈ ਆਪ ਜੀ ਦਾ,
ਤੁਹਾਡੇ ਖ਼ੂਨ ਨੇ ਤਾਂ ਡਰਨਾ ਸਿੱਖਿਆ ਈ ਨਹੀਂ।
ਇਹਨੇ ਸਿੱਖਿਐ ਸਦਾ ਸ਼ਹੀਦ ਹੋਣਾ,
ਡਰ ਕੇ ਮੌਤ ਕੋਲੋਂ ਮਰਨਾ ਸਿੱਖਿਆ ਈ ਨਹੀਂ।

ਸਾਨੂੰ ਪਤਾ ਹੈ ਸੂਬਾ-ਸਿਰਹੰਦ ਨੇ ਵੀ,
ਔਰੰਗਜ਼ੇਬ ਵਰਗੀ ਬੋਲੀ ਬੋਲਣੀ ਏ।
ਸਾਡੇ ਦੀਨ-ਈਮਾਨ ਦੀ ਖ਼ਰੀ ਪੂੰਜੀ,
ਉਹਨੇ ਕਪਟ ਦੀ ਤੱਕੜੀ ਤੋਲਣੀ ਏ।
ਸਾਨੂੰ ਪਿਆਰ ਦੇ ਨਾਲ ਵੀ ਖੋਰਨਾ ਹੈ,
ਸਾਡੇ ਉੱਤੋਂ ਉਸ ਜਿੰਦ ਵੀ ਘੋਲਣੀ ਏ।
ਸਾਨੂੰ ਇਹ ਵੀ ਪਤੈ, ਜਦ ਨਾ ਡੋਲੇ,
ਸਾਡੀ ਮਿੱਟੀ ਵੀ ਪੈਰਾਂ ਵਿਚ ਰੋਲਣੀ ਏ।
ਐਪਰ ਜਿਨ੍ਹਾਂ ਨੂੰ ਅਣਖ਼ ਦੀ ਲਾਜ ਹੋਵੇ,
ਜਿਸਮਾਂ ਨਾਲ ਉਹ ਕਦੀ ਨਹੀਂ ਮੋਹ ਕਰਦੇ।
ਸਿਰਾਂ ਨਾਲ ਨਿਭਾਉਂਦੇ ਨੇ ਧਰਮ, ਮਾਤਾ!
ਧਰਮ ਨਾਲ ਨਹੀਂ ਕਦੀ ਧਰੋਹ ਕਰਦੇ।

ਧਰਮ-ਪਿਤਾ ਤੋਂ ਧਰਮ ਦੀ ਮਿਲੀ ਪੂੰਜੀ,
ਧਰਮ ਨਾਲ ਅੱਜ ਧਰਮ ਨਿਭਾ ਦਿਆਂਗੇ।
ਭਾਵੇਂ ਛੋਟੇ ਹਾਂ, ਪੁੱਤ ਦਸਮੇਸ਼ ਦੇ ਹਾਂ,
ਅੱਜ ਸ਼ਰੇ-ਦਰਬਾਰ ਦਿਖਾ ਦਿਆਂਗੇ।
ਸਾਡੇ ਬਾਬੇ ਨੇ ਦਿੱਲੀ ਵਿਚ ਸੀਸ ਦਿੱਤਾ,
ਅਸੀਂ ਜਿਸਮ ਸਿਰਹੰਦ ਵਿਚ ਲਾ ਦਿਆਂਗੇ।
ਭਾਵੇਂ ਚਿਣੇ ਜਾਈਏ ਕੰਧਾਂ ਵਿੱਚ 'ਸੰਧੂ',
ਅਸੀਂ ਸਿੱਖੀ ਦੇ ਮਹਿਲ ਬਣਾ ਦਿਆਂਗੇ।
ਸਾਡੀ ਉਮਰ ਦਾ ਕੋਈ ਨਹੀਂ ਸ਼ਹੀਦ ਹੋਇਆ,
ਨਾ ਹੀ ਕਤਲ-ਗਾਹ, ਨਾ ਹੀ ਮੈਦਾਨ ਅੰਦਰ।
ਤੇਰੇ ਪੋਤਿਆਂ ਦੀ, ਪਿਆਰੀ ਦਾਦੀਏ ਨੀ,
ਬਣੀ ਰਹੂ ਮਿਸਾਲ ਜਹਾਨ ਅੰਦਰ।

(26-12-1991)

## ਜੰਮੇਂ ਸਿੰਘ ਸੰਘਰਸ਼ ’ਚੋਂ

ਨਾ ਹੀ ਕੁੱਲ, ਨਾ ਜਨਮ ਦੀ ਜਾਤ ਵਿੱਚੋਂ,
ਨਾ ਹੀ ਅਰਸ਼ ਵਿੱਚੋਂ, ਨਾ ਹੀ ਫ਼ਰਸ਼ ਵਿੱਚੋਂ।
ਇੱਕ ਓਂਕਾਰ ਦੇ ਇੱਕ ਸੰਕਲਪ ਵਿੱਚੋਂ,
ਬਾਬੇ ਨਾਨਕ ਦੇ ਸੱਚੇ ਆਦਰਸ਼ ਵਿੱਚੋਂ।
ਅੰਗਦ ਦੇਵ ਦੇ ਅੰਗਾਂ ਦੀ ਛੁਹ ਵਿੱਚੋਂ,
ਅਮਰ ਦਾਸ ਦੇ ਚਰਨ-ਸਪਰਸ਼ ਵਿੱਚੋਂ।
ਰਾਮ ਦਾਸ ਦੀ ਸੇਵਾ ਦੇ ਭਾਵ ਵਿੱਚੋਂ,
ਅਰਜਨ ਦੇਵ ਦੀ ਬਾਣੀ ਦੇ ਦਰਸ਼ ਵਿੱਚੋਂ।
ਹਰਿਗੋਬਿੰਦ ਤੇ ਗੋਬਿੰਦ ਦੀ ਤੇਗ਼ ਵਿੱਚੋਂ,
ਤੇ ਸ਼ਹੀਦੀ ਦੀ ਖਿੱਚ, ਆਕਰਸ਼ ਵਿੱਚੋਂ।
ਗੁੜ੍ਹਤੀ ਲਈ ਇਹਨਾਂ ਖੰਡੇ-ਪਹੁਲ ਵਾਲੀ,
ਸਿੰਘ ਜੰਮੇਂ ਨੇ ‘ਸੰਧੂ’ ਸੰਘਰਸ਼ ਵਿੱਚੋਂ।

ਪਹਿਲਾਂ ਨਾਨਕ ਨੂੰ ਪਰਖਿਆ ਆਪ ਬਾਬਰ,
ਫਿਰ ਹਿਮਾਯੂੰ ਨੇ ਅੰਗਦ ਨੂੰ ਤੋਲਿਆ ਸੀ।
ਪੰਚਮ-ਗੁਰਾਂ ਨੂੰ ਕੀਤਾ ਸ਼ਹੀਦ ਜਿਸ ਨੇ,
ਹਰਿਗੋਬਿੰਦ ਦੇ ਅੱਗੇ ਨਾ ਬੋਲਿਆ ਸੀ।
ਨੌਂਵੇਂ ਪਾਤਸ਼ਾਹ ਨੇ ਦਿੱਲੀ ਸੀਸ ਦੇ ਕੇ,
ਜਬਰ-ਜ਼ੁਲਮ ਨੂੰ ਪੈਰੀਂ ਮਧੋਲਿਆ ਸੀ।
ਦਸਵੇਂ ਪਿਤਾ ਨੇ ਖੰਡੇ ਦੀ ਧਾਰ ਵਿੱਚੋਂ,
ਗਾਡੀ-ਰਾਹ ਸ਼ਹੀਦੀ ਦਾ ਖੋਲ੍ਹਿਆ ਸੀ।
ਸੀਸ ਲੈ ਕੇ ਸਿੱਖੀ ਦੀ ਦਾਤ ਬਖ਼ਸ਼ੀ,
ਆਪਣੀ ਤੇਗ ਦੇ ਤੇਜ਼ ਸਪਰਸ਼ ਵਿੱਚੋਂ।
ਸੂਲਾਂ ਜੰਮਦੀਆਂ ਦੇ ਤਿੱਖੇ ਮੂੰਹ ਹੁੰਦੇ,
ਸਿੰਘ ਜੰਮੇਂ ਨੇ ‘ਸੰਧੂ’ ਸੰਘਰਸ਼ ਵਿੱਚੋਂ।
ਔਰੰਗਜ਼ੇਬ ਦਾ ਮੂੰਹ ਤਾਂ ਭੰਨ ਦਿੱਤਾ,

ਦਸਵੇਂ ਪਿਤਾ ਦੀ ਕਲਮ-ਤਲਵਾਰ ਮਿਲਕੇ।
ਬਦਲੇ ਲੈ ਲਏ ਜ਼ਾਲਿਮ ਹਤਿਆਰਿਆਂ ਤੋਂ,
ਪੈ ਗਏ ਟੁੱਟ ਕੇ ਸਿੰਘ ਸਰਦਾਰ ਮਿਲਕੇ।
ਕਾਇਮ ਬੰਦੇ ਬਹਾਦਰ ਨੇ ਰਾਜ ਕੀਤਾ,
ਸਿੰਘਾਂ ਨਾਲ ਚਲਾਈ ਸਰਕਾਰ ਮਿਲਕੇ।
ਜਦੋਂ 'ਆਵ ਕੀ ਅਉਧ ਨਿਧਾਨ' ਬਣ ਗਈ,
ਜੂਝ ਮਰੇ 'ਸੰਧੂ' ਆਖ਼ਿਰਕਾਰ ਮਿਲਕੇ।
ਢਹਿੰਦੀ ਕਲਾ ਤਾਂ ਪੈਦਾ ਈ ਨਹੀਂ ਹੋਣ ਦਿੰਦੇ,
ਨਾ ਹੀ ਸੋਗ ਵਿੱਚੋਂ, ਨਾ ਹੀ ਹਰਸ਼ ਵਿੱਚੋਂ।
ਨਹੀਂ ਸਿੰਘਾਂ ਨੂੰ ਕੋਈ ਝੁਕਾ ਸਕਦਾ,
ਸਿੰਘ ਜੰਮੇਂ ਨੇ 'ਸੰਧੂ' ਸੰਘਰਸ਼ ਵਿੱਚੋਂ।

ਸਾਰੇ ਦਿੱਲੀ ਦੇ ਹਾਕਮਾਂ ਵਾਹ ਲਾ ਲਈ,
ਸਿੰਘ ਉੱਠੇ ਤੇ ਫੇਰ ਦਬਾਏ ਨਾ ਗਏ।
ਮੰਨੂੰ ਵਰਗੇ ਨੇ ਬੱਚਿਆਂ ਤੀਕ ਮਾਰੇ,
ਜੜ੍ਹਾਂ ਵੱਢੀਆਂ, ਤਾਂ ਵੀ ਮੁਕਾਏ ਨਾ ਗਏ।
ਅਹਿਮਦ ਸ਼ਾਹ ਅਬਦਾਲੀ ਅਬਦਾਲ ਵੱਲੋਂ,
ਹਟ-ਹਟ ਕੇ ਪਿਆ ਪਰ ਢਾਏ ਨਾ ਗਏ।
ਈਨ ਮੰਨੀ ਨਾ ਇਹਨਾਂ ਫਰੰਗੀਆਂ ਦੀ,
ਇਹ ਦਬਕਾਏ ਨਾ ਗਏ, ਇਹ ਸਮਝਾਏ ਨਾ ਗਏ।
ਸਿੱਧੇ ਨੱਕ ਦੀ ਸੇਧ 'ਤੇ ਤੁਰਨ ਹਰ ਦਮ,
ਸੇਧ ਲੈ ਕੇ ਬਾਣੀ ਦੇ ਦਰਸ਼ ਵਿੱਚੋਂ,
ਸਿੱਧੇ ਮੌਤ ਨੂੰ ਆਉਣ ਮਖੌਲ ਕਰਦੇ,
ਸਿੰਘ ਜੰਮੇਂ ਨੇ 'ਸੰਧੂ' ਸੰਘਰਸ਼ ਵਿੱਚੋਂ।

ਪੱਕਾ ਦੇਸ ਪੰਜਾਬ ਹੈ ਖ਼ਾਲਸੇ ਦਾ,
ਦਿੱਲੀ ਨਾਲ ਟੱਕਰ ਇਹਦੀ ਖ਼ਾਸ ਰਹੀ ਏ।
ਇਹਨਾਂ ਦਿੱਲੀ ਦੀ ਕਦੇ ਨਾ ਧੌਂਸ ਮੰਨੀ,
ਦਿੱਲੀ ਇਹਨਾਂ ਤੋਂ ਸਦਾ ਨਿਰਾਸ ਰਹੀ ਏ।
ਕਦੀ ਫਸਣ ਤਾਂ ਜਕੜ ਕੇ ਮਾਰ ਦੇਵਾਂ,
ਰੱਸੇ ਲੈ ਦਿੱਲੀ ਆਸ-ਪਾਸ ਰਹੀ ਏ।
ਐਪਰ ਸਿੰਘ ਨਾ ਓਸ ਦੇ ਚੜ੍ਹੇ ਅੱਡੇ,
ਆਸ ਦਿੱਲੀ ਦੀ ਸਦਾ ਬੇਆਸ ਰਹੀ ਏ।
ਏਹੋ ਦਿੱਲੀ ਦੀਆਂ ਈਨਾਂ ਮੰਨਦੇ ਨਹੀਂ,
ਏਹੋ ਰੜਕਦੇ ਨੇ ਭਾਰਤ ਵਰਸ਼ ਵਿੱਚੋਂ।
ਜਾਰੀ ਰੱਖਿਆ ਜੀਵਨ-ਸੰਘਰਸ਼ ਇਹਨਾਂ,
ਸਿੰਘ ਜੰਮੇਂ ਨੇ 'ਸੰਧੂ' ਸੰਘਰਸ਼ ਵਿੱਚੋਂ।

ਸਾਨੂੰ ਸਾਲ ਚੌਰਾਸੀ ਦਾ ਭੁੱਲਣਾ ਨਹੀਂ,
ਸਾਡੀ ਅਣਖ ਨੂੰ ਜਦੋਂ ਵੰਗਾਰਿਆ ਸੀ।
ਸਾਡੀ ਜਾਨ ਤੋਂ ਪਿਆਰਾ ਦਰਬਾਰ ਸਾਹਿਬ,
ਸਣੇ ਤਖ਼ਤ-ਅਕਾਲ ਉਜਾੜਿਆ ਸੀ।
ਸਾਡਾ ਸੱਭਿਆਚਾਰ ਤੇ ਧਰਮ-ਵਿਰਸਾ,
ਜਾਣ ਬੁੱਝ ਕੇ ਜ਼ਾਲਿਮਾਂ ਸਾੜਿਆ ਸੀ।
'ਧਰਮੀ ਆਦਮੀ'✷ ਕਹਿੰਦਾ ਸੀ ਪੁੱਤ ਜਿਸ ਨੂੰ,
ਮਾਂ ਨੇ ਓਸ ਉੱਤੇ ਕੱਟਕ ਚਾੜ੍ਹਿਆ ਸੀ।
ਮੌਤ ਪੈ ਗਈ ਓਸ 'ਤੇ ਬਿੱਜ ਬਣ ਕੇ,
ਮੌਤ ਫੁੱਟ ਪਈ ਓਸ ਦੇ ਫ਼ਰਸ਼ ਵਿੱਚੋਂ।
ਸਿੰਘ ਨਹੀਂ ਪਟਰਾਣੀਏਂ! ਮਰਨ ਵਾਲੇ,
ਸਿੰਘ ਜੰਮੇਂ ਨੇ 'ਸੰਧੂ' ਸੰਘਰਸ਼ ਵਿੱਚੋਂ।

(05-06-1991)

✷ (ਸਾਕਾ 'ਨੀਲਾ ਤਾਰਾ' ਤੋਂ ਕੁਝ ਦਿਨ ਪਹਿਲਾਂ ਹੀ ਇਸ ਸਾਕੇ ਦੀ ਕਾਰੇਹਾਰੀ ਪ੍ਰਧਾਨ-ਮੰਤਰੀ ਇੰਦਰਾ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਨੇ ਇਹ ਬਿਆਨ ਦਿੱਤਾ ਸੀ ਕਿ ਭਿੰਡਰਾਂਵਾਲੇ ਸੰਤ ਕੇਵਲ ਇੱਕ 'ਧਾਰਮਿਕ ਵਿਅਕਤੀ' ਹਨ। ਇਸ ਦੇ ਕੁਝ ਦਿਨਾਂ ਮਗਰੋਂ ਹੀ ਇਸ ਬਿਆਨ ਰਾਹੀਂ ਵਿਸਾਹ ਕੇ ਇੰਦਰਾ ਨੇ ਸੰਤਾਂ ਨੂੰ ਗ੍ਰਿਫ਼ਤਾਰ ਕਰਨ ਜਾਂ ਮਾਰ ਮੁਕਾਉਣ ਵਾਸਤੇ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਜਬਰਦਸਤ ਫ਼ੌਜੀ ਹਮਲਾ ਬੋਲ ਦਿੱਤਾ। ਜਿਸ ਵਿੱਚ ਹਜ਼ਾਰਾਂ ਸਿੱਖ ਸ਼ਰਧਾਲੂ ਸ਼ਹੀਦ ਹੋ ਗਏ, ਸ਼੍ਰੀ ਅਕਾਲ ਤਖ਼ਤ ਢਹਿ-ਢੇਰੀ ਹੋ ਗਿਆ ਤੇ ਦਰਬਾਰ ਸਾਹਿਬ ਸਮੇਤ ਹੋਰ ਅਨੇਕਾਂ ਧਾਰਮਿਕ ਇਮਾਰਤਾਂ ਅਤੇ ਸਿੱਖੀ ਵਿਰਸੇ ਨੂੰ ਨੁਕਸਾਨ ਪੁੱਜਿਆ। ਜੇ ਗੱਲ ਕੇਵਲ ਸੰਤਾਂ ਨੂੰ ਗ੍ਰਿਫ਼ਤਾਰ ਕਰਨ ਦੀ ਹੁੰਦੀ ਤਾਂ ਇਹ ਕੰਮ ਹੋਰ ਕਈ ਵਸੀਲਿਆਂ ਨਾਲ ਵੀ ਆਸਾਨੀ ਨਾਲ ਕੀਤਾ ਜਾ ਸਕਦਾ ਸੀ ਪਰ ਇੰਦਰਾ ਦਾ ਅਸਲ ਮਕਸਦ ਤਾਂ ਸਿੱਖਾਂ ਨੂੰ ਸਬਕ ਸਿਖਾਉਣਾ ਸੀ। ਪਰ ਹੋਰ ਅਨੇਕ ਜ਼ਾਲਿਮਾਂ ਵਾਂਗ ਉਹ ਵੀ ਨਾ ਸਮਝ ਸਕੀ ਕਿ ਸਿੱਖ-ਕੌਮ ਨੂੰ ਸਬਕ ਸਿਖਾਉਣ ਵਾਲਾ ਅਜੇ ਤੱਕ ਨਾ ਕੋਈ ਜੰਮਿਆਂ ਹੈ ਤੇ ਨਾ ਹੀ ਜੰਮੇਗਾ।)

**ਕੁਝ ਰੁਮਿਸਰੇ**

## ਜਿਸ ਸਮੇਂ ਤੱਕ ...

1.
ਇੰਜ ਹੀ ਨਿਰਧਨ ਉਜਾੜੇ ਜਾਣਗੇ।
ਕਿਰਤੀਆਂ ਦੇ ਹੱਥ ਝਾੜੇ ਜਾਣਗੇ।
ਜਿਸ ਸਮੇਂ ਤਕ ਐਸ਼-ਪ੍ਰਸਤਾਂ ਦੇ ਮਹਿਲ,
ਤੇਲ ਪਾ ਪਾ ਕੇ ਨਾ ਸਾੜੇ ਜਾਣਗੇ।

2.
ਇੰਜ ਹੀ ਮਜ਼ਲੂਮ ਮਰਦੇ ਰਹਿਣਗੇ।
ਅੱਥਰੂ ਨੈਣਾਂ 'ਚ ਤਰਦੇ ਰਹਿਣਗੇ।
ਜਿਸ ਸਮੇਂ ਤੱਕ ਕਿਰਤੀਆਂ ਦੇ ਸਿਰਾਂ ਤੋਂ,
ਵਿਹਲੜਾਂ ਦੇ ਕੰਮ ਸਰਦੇ ਰਹਿਣਗੇ।

3.
ਜਿਸ ਸਮੇਂ ਕਰਵਟ ਜ਼ਮਾਨਾ ਲਵੇਗਾ।
ਜ਼ੁਲਮ ਜਦ ਕਿ ਅੱਤ ਹੀ ਕਰ ਦਵੇਗਾ।
ਤੁਪਕੇ-ਤੁਪਕੇ ਖ਼ੂਨ ਦਾ ਫਿਰ ਵੇਖਣਾ,
ਜ਼ਾਲਿਮਾਂ ਨੂੰ ਮੁੱਲ ਭਰਨਾ ਪਵੇਗਾ।

•

## ਪਿਛਲੇ ਦਿਨੀਂ

ਅਸਾਂ ਦੇ ਸਿਰਾਂ ਨਾਲ ਪਿਛਲੇ ਦਿਨੀਂ।
ਰਿਹਾ ਖੇਡਦਾ ਕਾਲ ਪਿਛਲੇ ਦਿਨੀਂ।
ਬੜਾ ਲਾਲ ਕੀਤਾ ਅਸਾਂ ਧਰਤ ਨੂੰ,
ਗੁਆਏ ਬੜੇ ਲਾਲ ਪਿਛਲੇ ਦਿਨੀਂ।

•

## ਨਿਸ਼ਾਨੀ ਮੋੜ ਦੇ

ਐ ਸਮੇਂ ਦੀਏ ਗਰਦਿਸ਼ੇ, ਸਾਡੀ ਨਿਸ਼ਾਨੀ ਮੋੜ ਦੇ!
ਸਾਡੇ ਜੀਵਨ ਦੀ ਉਹੀ, ਪਹਿਲੀ ਰਵਾਨੀ ਮੋੜ ਦੇ!
ਭੁੱਖੀ ਏਂ ਤਾਂ ਵੈਰਨੇ, ਮੇਰਾ ਬੁਢਾਪਾ ਚੱਬ ਲੈ,
ਵਾਸਤਾ ਈ ਵਤਨ ਦੀ, ਚੜ੍ਹਦੀ ਜਵਾਨੀ ਮੋੜ ਦੇ!

•

## ਮਸੀਹੇ ਮੰਨਣ

ਰੁੱਸੇ ਨੇ ਲੋਕ ਤੈਥੋਂ, ਕਿਸ ਦੇ ਜ਼ਰੀਹੇ ਮੰਨਣ?
ਦਿਲਬਰੀਆਂ ਤੇਰੀਆਂ ਨੂੰ, ਉਹ ਤਾਂ ਤਸੀਹੇ ਮੰਨਣ।
ਕਾਵਾਂ ਨੇ ਜਿਹਨਾਂ ਚਿੜੀਆਂ ਦੇ ਬੋਟ ਮਾਰ ਖਾਧੇ,
ਉਹ ਕਿਸ ਤਰ੍ਹਾਂ ਉਨ੍ਹਾਂ ਨੂੰ ਅਪਣੇ ਮਸੀਹੇ ਮੰਨਣ?

•

## ਫ਼ਸਲਾ ਮਿਣਿਆ ਗਿਆ

ਮੀਲਾਂ, ਕੋਹਾਂ, ਵਰ੍ਹਿਆਂ ਤੇ ਸਦੀਆਂ ਨੂੰ ਜਦ,
ਲਫ਼ਜ਼ਾਂ, ਅੰਕਾਂ ਨਾਲ ਨਾ ਗਿਣਿਆਂ ਗਿਆ।
ਮੇਰੀ-ਤੇਰੀ ਸੋਚ ਵਿਚਲਾ ਫ਼ਾਸਲਾ,
ਗੋਲ਼ੀ ਦੀ ਰਫ਼ਤਾਰ ਤੋਂ ਮਿਣਿਆਂ ਗਿਆ।

•

## ਦਿਲ ਸੇ ਸ਼ਿਵਾਲੇ ਨਿਕਲੇ

ਜਿਨ ਕੇ ਥੈਲੋਂ ਸੇ ਟਿਫ਼ਨ-ਬੰਬ ਨਿਰਾਲੇ ਨਿਕਲੇ।
ਹਾਂ ਵਹੀ ਲੋਗ ਤੇਰੇ ਚਾਹਨੇ ਵਾਲੇ ਨਿਕਲੇ।
ਗੁਰੂ ਕੇ ਘਰ ਸੇ ਮੁਝੇ ਪਕੜ ਤੋ ਲਾਏ ਕਾਤਿਲ,
ਜੁ ਕਾਟਾ ਦਿਲ ਤੋ ਮੇਰੇ ਦਿਲ ਸੇ ਸ਼ਿਵਾਲੇ ਨਿਕਲੇ।

•

## ਚਨਾਬ ਦਾ ਹਿੱਸਾ

ਰੰਗ-ਖ਼ੁਸ਼ਬੂ ਹੈ ਕਈਆਂ ਫੁੱਲਾਂ ਵਿਚ,
ਸ਼ਹਿਨਸ਼ਾਹੀ ਗ਼ੁਲਾਬ ਦਾ ਹਿੱਸਾ।
ਪੱਥਰਾਂ ਨਾਲ ਸਾਡਾ ਵਾਹ ਪੈਂਦੈ,
ਹੈ ਨਜ਼ਾਕਤ ਜਨਾਬ ਦਾ ਹਿੱਸਾ।
ਮੇਰੀ ਖ਼ਾਤਿਰ ਵੀ ਸੋਹਣੀ ਆਵੇਗੀ,
ਮੈਂ ਵੀ ਪੱਟ ਚੀਰ ਕੇ ਖੁਆ ਸਕਦਾਂ,
ਮੇਰੇ ਹਿੱਸੇ ’ਚ ਵੀ ਤਾਂ ਆਉਂਦਾ ਹੈ,
ਥੋੜ੍ਹਾ-ਬਹੁਤਾ ਚਨਾਬ ਦਾ ਹਿੱਸਾ।

•

## ਜੋੜ-ਤੋੜ ਦੀ ਗੱਲ

ਸੱਜਣਾਂ ਜੋੜ-ਤੋੜ ਦੀ ਗੱਲ ਕਰ!
ਮੁੱਲ ਨਾ ਪੁੱਛ, ਲੋੜ ਦੀ ਗੱਲ ਕਰ!
ਹੁਣ ਹਜ਼ਾਰਾਂ 'ਚ ਕੌਣ ਵਿਕਦਾ ਏ,
ਭੋਲੇ 'ਸੰਧੂ' ਕਰੋੜ ਦੀ ਗੱਲ ਕਰ!

•

## ਭਾਲਦਾ ਫਿਰਦਾਂ

ਤੇਰੇ ਖ਼ਤ ਸਾਂਭਦਾ ਫਿਰਦਾਂ ਤੇ ਅੱਖੀਆਂ ਗਾਲਦਾ ਫਿਰਦਾਂ।
ਮੈਂ ਗ਼ਜ਼ਲਾਂ ਵੱਲ ਲਾ ਕੇ ਦਿਲ ਨੂੰ ਗ਼ਮ ਤੋਂ ਟਾਲਦਾ ਫਿਰਦਾਂ।
ਤੂੰ ਖਿੱਚੀ ਭੂਸ਼ਨਾਂ ਦੀ ਰਾਜਧਾਨੀ ਤੁਰ ਗਈ ਸੀ ਪਰ,
ਮੈਂ ਤੇਰੇ ਸ਼ਹਿਰ ਵਿਚ ਹਾਲੀ ਵੀ ਤੈਨੂੰ ਭਾਲਦਾ ਫਿਰਦਾਂ।

•

## ਟੀਚਰ ਬਣ ਗਏ ਆਖ਼ਿਰ

ਘਰੋਂ-ਬਾਰੋਂ ਜੋ ਧੱਕੇ ਸਨ, ਉਹ ਲੀਡਰ ਬਣ ਗਏ ਆਖ਼ਿਰ।
ਉਹ ਕਿਸਮਤ ਦੇ ਧਨੀ ਸਾਡਾ ਮੁਕੱਦਰ ਬਣ ਗਏ ਆਖ਼ਿਰ।
ਜੋ ਸਾਰੀ ਉਮਰ ਰਸਤੇ 'ਤੇ ਨਾ ਆਏ, ਰਾਹਨੁਮਾ ਬਣ ਗਏ,
ਪੜ੍ਹਾਈ 'ਚੋਂ ਜੋ ਫਾਡੀ ਸਨ, ਉਹ ਟੀਚਰ ਬਣ ਗਏ ਆਖ਼ਿਰ।

•

## ਅਪਲਾਈ ਕਰ ਦਈਂ

ਪਹਿਲੇ ਦਿਨ ਡਿਊਟੀ 'ਤੇ ਗਿਆ ਕਾਕਾ,
ਤਾਂ ਮੈਂ ਆਖਿਆ, "ਜ਼ਰਾ ਤਕੜਾਈ ਕਰ ਦਈਂ।
ਬੁੱਢੇ ਹੋਣ ਤੀਕਣ ਖ਼ਬਰੇ ਲੱਗ ਈ ਜਾਵੇ,
ਪੈਨਸ਼ਨ ਵਾਸਤੇ ਅੱਜ ਈ ਅਪਲਾਈ ਕਰ ਦਈਂ।"

•

## ਜੀ ਜੀ

ਮੇਰੇ ਇਕ ਮਿੱਤਰ ਜੀ ਬੋਲੇ, "ਸੰਧੂ ਸਾਹਬ ਕਵੀ ਜੀ!
ਪਤਨੀ ਜੀ ਨੂੰ 'ਤੂੰ ਤੂੰ' ਕਹਿਣਾ, ਐਟੀਕੇਟ ਹੈ ਕੀ ਜੀ?"
ਉਸ ਦੀ ਪਤਨੀ ਬੋਲੀ, "ਜਦ ਮੈਂ ਬੇਰੁਜ਼ਗਾਰ ਸਾਂ 'ਸੰਧੂ',
ਇਹ ਵੀ 'ਤੂੰ ਤੂੰ' ਹੀ ਕਹਿੰਦੇ ਸਨ, ਹੁਣ ਕਹਿੰਦੇ ਨੇ 'ਜੀ ਜੀ'।"

•

## ਕੁਝ ਚਾਰ-ਕਲੀਏ ਅਤੇ ਛੇ-ਕਲੀਏ ਬੈਂਤ

### ਉਸਤਾਦ ਦੀ ਮਾਰ

ਉਸ ਨੇ ਕਿਸੇ ਦਾ ਭਾਰ ਕੀ ਚੁੱਕਣਾ ਏ,
ਜਿਸ ਤੋਂ ਆਪਣਾ ਭਾਰ ਨਾ ਚੱਕ ਹੋਵੇ।
ਉਸ ਨੇ ਕਿਸੇ ਦਾ ਨੰਗ ਕੀ ਢੱਕਣਾ ਏ,
ਜਿਸ ਤੋਂ ਆਪਣਾ ਨੰਗ ਨਾ ਢੱਕ ਹੋਵੇ।
ਉਹ ਤਾਂ ਲੋਕਾਂ ਤੋਂ ਸੱਕ ਲੁਹਾਊ ਆਖ਼ਿਰ,
ਜਿਸ ਦੇ ਬਾਪ ਨੇ ਲਾਹਿਆ ਨਾ ਸੱਕ ਹੋਵੇ।
ਜਿਸ ਨੇ ਨਹੀਂ ਉਸਤਾਦ ਦੀ ਮਾਰ ਖਾਧੀ,
ਐਸਾ ਕਵੀ ਨਾ 'ਸੰਧੂ' ਪਰਪੱਕ ਹੋਵੇ।

•

### ਤੁਰੀ ਜਾਂਦੈ

ਬੀਵੀ ਕਵੀ ਦੀ ਸਾਧ ਦੇ ਕੋਲ ਪਹੁੰਚੀ,
ਕਹਿੰਦੀ, ''ਬਾਬਾ ਜੀ ਸੰਧੂ ਤਾਂ ਖੁਰੀ ਜਾਂਦੈ।
ਐਨਾ ਹੋਇਐ ਕਮਜ਼ੋਰ ਕਿ ਕੀ ਦੱਸਾਂ,
ਜਿੱਥੇ ਹੱਥ ਲਾਈਏ, ਉੱਥੋਂ ਭੁਰੀ ਜਾਂਦੈ।''
ਬਾਬੇ ਆਖਿਆ, ''ਕਲਮ ਜਦ ਚੱਲਦੀ ਏ,
ਚੱਲਣ ਜੋਗਾ ਨਹੀਂ ਛੱਡਦੀ ਆਦਮੀ ਨੂੰ,
ਤੇਰਾ ਆਦਮੀ ਤਾਂ ਸਖ਼ਤ-ਜਾਨ ਹੋਣੈ,
ਤੁਰਦੀ ਕਲਮ ਦੇ ਨਾਲ ਜੋ ਤੁਰੀ ਜਾਂਦੈ।

•

### ਬਾਂ-ਬਾਂ ਕਰਦੈ

ਬਾਰਾਂ ਬੱਚਿਆਂ ਵਾਲਾ ਪਰਿਵਾਰ ਮੇਰਾ,
ਹਰ ਇਕ ਆਪਣੀ ਥਾਂ 'ਬਾਂ-ਬਾਂ' ਕਰਦੈ।
ਜਿਹਨੂੰ ਮਿਲੇ ਰੋਟੀ, ਟਾਹਰਾਂ ਮਾਰਦਾ ਏ,
ਜਿਹਨੂੰ ਨਹੀਂ ਮਿਲਦੀ 'ਮਾਂ-ਮਾਂ' ਕਰਦੈ।
ਦੱਸੋ, ਛੋਟੇ ਪਰਿਵਾਰ ਵਿਚ ਮਜ਼ਾ ਕੀ ਏ,
ਕੋਈ ਇੱਕ ਵੀ ਜੀਅ ਜੇ ਬਾਹਰ ਜਾਏ,
ਸੁੰਞਾਂ-ਸੁੰਞਾਂ ਹੀ ਲੱਗੇ ਸੰਸਾਰ ਸਾਰਾ,
ਸਾਰਾ ਘਰ 'ਸੰਧੂ' 'ਭਾਂ-ਭਾਂ' ਕਰਦੈ।

•

(ਜੋਬਨ-ਯਾਦਾਂ -84)

## ਕਮਿਸ਼ਨ ਦੀ ਗੱਲ ਤੋਰੀ

ਬੁੱਢੀ-ਠੇਰੀ ਨੂੰ ਕਿਹਾ 'ਮੁਟਿਆਰ' ਪਹਿਲਾਂ,
ਫੇਰ ਆਪਣੇ ਮਿਸ਼ਨ ਦੀ ਗੱਲ ਤੋਰੀ।
ਬੂਟ ਆਪਣੇ ਵਾਸਤੇ ਚਾਹੀਦੇ ਸਨ,
ਪਤਨੀ ਨਾਲ ਪ੍ਰਮਿਸ਼ਨ ਦੀ ਗੱਲ ਤੋਰੀ।
ਲੰਮੇਂ ਅਰਸੇ ਦੇ ਬਾਅਦ ਇਕ ਦਾਅ ਲੱਗੈ,
ਜੇਬ-ਖਰਚ ਤਾਂ 'ਸੰਧੂ' ਬਣਾ ਲਈਏ,
ਪਾਏਦਾਰੀ ਤੇ ਰੇਟ ਕਿਸ ਪੁੱਛਣਾ ਸੀ,
ਜਾਂਦੇ ਸਾਰ ਕਮਿਸ਼ਨ ਦੀ ਗੱਲ ਤੋਰੀ।

•

## ਭਾਈ-ਭਰਜਾਈਆਂ ਭੁੱਲ ਗਈਆਂ

ਆਇਆ ਚਿੱਤ ਤੇਰਾ ਚਿੱਤ-ਚੋਰ ਉੱਤੇ,
ਹੋਇਓਂ ਚਿੱਤ ਚਤੁਰਾਈਆਂ ਭੁੱਲ ਗਈਆਂ।
ਦਿਲ ਵਿਚ ਵੱਸ ਕੇ ਦਗ਼ਾ ਦਿਲਦਾਰ ਕੀਤਾ,
ਦੁੱਖਾਂ ਵਿਚ ਦਾਨਾਈਆਂ ਭੁੱਲ ਗਈਆਂ।
ਜਾ ਉਏ ਰਾਂਝਿਆ! ਹੀਰ ਦਾ ਚਾਕ ਬਣਿਓਂ,
ਤੈਥੋਂ ਵੀਰਾਂ ਦੇ ਵੱਗ ਨਾ ਚਾਰ ਹੋਏ,
ਇੱਕੋ ਕੁੜੀ-ਕਮਜ਼ਾਤ ਹੀ ਯਾਦ ਰਹਿ ਗਈ,
ਤੈਨੂੰ ਭਾਈ-ਭਰਜਾਈਆਂ ਭੁੱਲ ਗਈਆਂ।

•

## ਹੀਰੋ ਹਾਂਡਿਆਂ ਦੇ ਹੂਟੇ

ਹੀਰੋ-ਹਾਂਡਿਆਂ 'ਤੇ ਹੂਟੇ ਮਿਲੇ ਐਸੇ,
ਪੀਂਘਾਂ ਪਿੱਪਲੀ ਪਾਉਣੀਆਂ ਭੁੱਲ ਗਈਆਂ।
ਐਸਾ ਪੌਪ ਦਾ ਪੈ ਗਿਆ ਸ਼ੌਕ ਸਾਨੂੰ,
ਹੀਰਾਂ ਖੁੰਡਾਂ 'ਤੇ ਗਾਉਣੀਆਂ ਭੁੱਲ ਗਈਆਂ।
ਗੰਨੇ ਚੂਪਣੇ ਭੁੱਲ ਗਏ ਬਾਲ ਸਾਡੇ,
ਦੰਦ ਰਹੇ ਨਾ ਦਾਣੇ ਚਬਾਉਣ ਜੋਗੇ,
ਐਸੇ ਬਦਲੇ ਸਵਾਦ ਕਿ ਝੀਰੀਆਂ ਵੀ,
'ਸੰਧੂ' ਭੱਠੀਆਂ ਤਾਉਣੀਆਂ ਭੁੱਲ ਗਈਆਂ।

•

## ਅੱਖਾਂ ਝੁਕਾ ਲਈਆਂ

ਅੱਖਾਂ ਵਾਲਾ ਕੋਈ ਅੱਖਾਂ ਦੀ ਕਦਰ ਪਾਉਂਦੈ,
ਬੇਕਦਰ ਨੇ ਅੱਖਾਂ ਝੁਕਾ ਲਈਆਂ।
ਤੈਨੂੰ ਤਾਂਘ ਸੀ ਅੱਖਾਂ ਮਿਲਾਉਣ ਵਾਲੀ,
ਟਲਿਓਂ ਨਾ ਤੂੰ, ਅੱਖਾਂ ਮਿਲਾ ਲਈਆਂ।
ਅੱਖਾਂ ਲੱਗੀਆਂ ਤੋਂ ਅੱਖ ਲੱਗਦੀ ਨਾ,
ਅੱਖਾਂ ਵਿਚ ਤੂੰ ਰਾਤਾਂ ਲੰਘਾ ਲਈਆਂ।
ਅੱਖਾਂ ਵਾਲੀ ਨੇ ਅੱਖਾਂ ਦੀ ਘੂਰ ਮਾਰੀ,
ਰੋ ਰੋ ਕੇ ਅੱਖਾਂ ਸੁਜਾ ਲਈਆਂ।

ਅੱਖ ਟਿਕੀ ਸੀ ਮੋਟੀਆਂ ਅੱਖੀਆਂ 'ਤੇ,
ਹੁਣ ਤੂੰ ਅੱਖ ਦੇ ਆਹਲਣੇ ਬਹਿ 'ਸੰਧੂ'!
ਤੈਨੂੰ ਅਰਸ਼-ਉਡਾਰੀਆਂ ਨਹੀਂ ਪਚੀਆਂ,
ਬਣ ਕੇ ਅੱਖੀਆਂ ਦਾ ਕੈਦੀ ਰਹਿ 'ਸੰਧੂ'!

•

## ਵਜ਼ੀਰ ਜਦ ਝੂਠ ਬੋਲਣ

ਮੀਂਹ ਪਵੇ, ਸਕੂਲ ਦਾ ਵਕਤ ਹੋਇਆ,
'ਸੰਧੂ' ਬਹਿ ਗਿਆ ਢਾਹ ਕੇ ਢੇਰੀਆਂ ਜੀ।
ਧੱਕੇ ਨਾਲ ਸਕੂਲ ਨੂੰ ਤੋਰ ਦਿੱਤਾ,
ਬੀਵੀ ਹੋਣ ਨਾ ਦਿੱਤੀਆਂ ਦੇਰੀਆਂ ਜੀ।
ਗਿਆ ਭਿੱਜਦਾ, ਆਇਆ ਬੁਖ਼ਾਰ ਲੈ ਕੇ,
ਪੈਣ ਬੀਵੀ ਦੇ ਚਿੱਤ ਨੂੰ ਘੇਰੀਆਂ ਜੀ।
ਆਇਆ ਵੈਦ ਤੇ ਤਾੜ ਕੇ ਕਹਿਣ ਲੱਗਾ,
ਸੱਭੇ ਗ਼ਲਤੀਆਂ ਨੇ ਬੀਬੀ ਤੇਰੀਆਂ ਜੀ।

ਬੇੜੀ ਕਾਗਜ਼ਾਂ ਦੀ ਤੇਰਾ ਪਤੀ ਬੀਬੀ,
ਇਹਦੇ ਨਾਲ ਸੰਭਾਲ ਕੇ ਖੇਲ੍ਹਿਆ ਕਰ!
ਇਹ ਨਹੀਂ ਝਨਾਅ 'ਚੋਂ ਪਾਰ ਲੰਘਾਉਣ ਜੋਗਾ,
ਇਹਨੂੰ ਪਾਣੀ ਦੇ ਵਿੱਚ ਨਾ ਠੇਲ੍ਹਿਆ ਕਰ।

•

## ਚਾਅ ਈ ਕੋਈ ਨਹੀਂ

ਜੀਵਨ-ਸਾਥਣੇ! ਹੋਣ ਹੁਸੀਨ ਜੋਬਨ,
ਏਸ ਉਮਰ ਵਿਚ ਆਪਾਂ ਨੂੰ ਭਾਅ ਈ ਕੋਈ ਨਹੀਂ।
ਦੂਰੋਂ ਦਿੱਸਦੀ ਨਹੀਂ ਏ ਚੀਜ਼ ਕੋਈ,
ਤੇ ਲਾਗੇ ਆਉਣ ਦਾ ਕਿਸੇ ਨੂੰ ਚਾਅ ਈ ਕੋਈ ਨਹੀਂ।
ਗੋਡੇ ਉੱਠਦੇ ਨਹੀਂ, ਚੂਲੇ ਚੱਲਦੇ ਨਹੀਂ,
ਫਿਰਨ-ਤੁਰਨ ਦਾ ਲੱਗਦਾ ਦਾਅ ਈ ਕੋਈ ਨਹੀਂ।
ਦੱਸ, ਅਸੀਂ ਕੀਹਦੇ ਲਾਗੇ ਲੱਗਣਾ ਏ,
ਦੁਨੀਆਂ ਨਾਲ ਹੁਣ ਰਿਹਾ ਲਗਾਅ ਈ ਕੋਈ ਨਹੀਂ।

ਬੁੱਢੇ-ਵਾਰੇ ਤੂੰ ਰੋਕ ਨਾ ਰੋਕ ਅੜੀਏ,
ਮੈਂ ਵੀ ਸਮਝਦਾ ਹਾਂ ਮੇਰਾ ਫ਼ਰਜ਼ ਕੀ ਏ।
ਪਿਛਲਾ ਕੋਈ ਮਹਿਬੂਬ ਜੇ ਆ ਈ ਜਾਵੇ,
ਤਾਂ 'ਸੰਧੂ' ਓਸ ਨੂੰ ਮਿਲਣ ਵਿਚ ਹਰਜ਼ ਕੀ ਏ?

•

## ਨਵੀਂ ਸਕੀਮ

ਚਾਕੂ ਚੱਲਿਆ, ਲਹੂ ਦੀ ਧਾਰ ਚੱਲੀ,
ਪਲੋ-ਪਲ਼ੀ ਮੈਂ ਤਾਂ ਪੀਲਾ ਈ ਹੋਈ ਜਾਵਾਂ।
ਕੱਟੀ ਉਂਗਲੀ ਮੂੰਹ ਵਿਚ ਪਾ ਚੂਸਾਂ,
ਟੂਟੀ ਹੇਠ ਦੇ ਕੇ ਨਾਲੇ ਧੋਈ ਜਾਵਾਂ।
ਬੀਵੀ ਵੇਖਿਆ ਤਾਂ ਝਿੜਕਾਂ ਹੋਰ ਦੇਊ,
ਨਾਲੇ ਡਰੀ ਜਾਵਾਂ, ਨਾਲੇ ਰੋਈ ਜਾਵਾਂ।
ਬੀਵੀ ਕਿਹਾ, "ਵਿਖਾ ਖਾਂ, ਕੀ ਹੋਇਐ?"
ਤੇ ਡਰਦਾ ਓਸ ਤੋਂ ਉਂਗਲ ਲਕੋਈ ਜਾਵਾਂ।

ਬੀਵੀ ਕਿਹਾ ਕਿ ਕੰਮ ਤੋਂ ਬਚਣ ਦੇ ਲਈ,
ਕੋਈ ਨਵੀਂ ਸਕੀਮ ਬਣਾ ਲਈ ਊ?
ਤੈਨੂੰ ਆਖਿਆ ਸੀ ਸਬਜ਼ੀ ਕੱਟਣੇ ਨੂੰ,
ਤੇ ਟੋਟੇ ਹੋਣਿਆਂ ਉਂਗਲ ਕਟਾ ਲਈ ਊ?

•

## ਫਟਕੜੀ ਫੁੱਲ ਹੋ ਗਈ

ਲਾਈਨ ਵਿੱਚ ਖਲੋਤਾ ਸਵੇਰ ਦਾ ਸੀ,
ਘੜੀ-ਘੜੀ ਉਹਦੀ ਯੁੱਗਾਂ ਤੁੱਲ ਹੋ ਗਈ।
ਮਸਾਂ-ਮਸਾਂ ਸੀ ਖਿੜਕੀ ਦੇ ਕੋਲ ਪਹੁੰਚਾ,
ਕਿ ਬੁੱਢੇ ਬਦਨ ਅੰਦਰ ਹਿੱਲ-ਜੁੱਲ ਹੋ ਗਈ।
ਲੱਤਾਂ ਕੰਬੀਆਂ, ਡਿੱਗਿਆ ਧੈਂਅ ਕਰਕੇ,
ਡਿਗਦੇ ਸਾਰ ਈ ਫਟਕੜੀ ਫੁੱਲ ਹੋ ਗਈ।
ਘਰੋਂ ਗਿਆ ਸੀ ਬਿਜਲੀ ਦਾ ਬਿੱਲ ਤਾਰਨ,
ਤੇ ਉਹਦੀ ਜ਼ਿੰਦਗੀ ਦੀ ਬੱਤੀ ਗੁੱਲ ਹੋ ਗਈ।

ਬੀਵੀ ਪਿੱਟਦੀ ਪਿੱਟਦੀ ਕਹੀ ਜਾਵੇ,
"ਜਾਂਦਾ ਜਾਂਦਾ ਕੋਈ ਕੰਮ ਈ ਸਵਾਰ ਜਾਂਦੋਂ।
ਮੈਨੂੰ ਪਊ ਹੁਣ ਲਾਈਨ ਦੇ ਵਿੱਚ ਖੜਨਾ,
ਡੁੱਬ ਜਾਣਿਆਂ ਬਿੱਲ ਤਾਂ ਤਾਰ ਜਾਂਦੋਂ।"

•

## ਨਿਕੰਮੀ ਸਰਕਾਰ ਨਿਕਲੀ

ਮੈਨੂੰ ਸਜ਼ਾ ਸੁਣਾ ਕੇ ਪੰਚਾਇਤ ਉਠ ਗਈ,
ਮੇਰੀ ਬੇਨਤੀ 'ਤੇ 'ਸੰਧੂ' ਜੁੜੀ ਸੀ ਜੋ।
ਉਹਦੇ ਵਿੱਚੋਂ ਨਿਕੰਮੀ ਸਰਕਾਰ ਨਿਕਲੀ,
ਅਸੀਂ ਪੁੱਟ ਬੈਠੇ ਕਿਸਮਤ-ਪੁੜੀ ਸੀ ਜੋ।
ਏਸੇ ਸਾਲ ਬਣਾਈ ਤੇ ਫੇਰ ਰੁੜ੍ਹ ਗਈ,
ਪਿਛਲੇ ਸਾਲ ਏਦਾਂ ਈ ਧੁੱਸੀ ਰੁੜ੍ਹੀ ਸੀ ਜੋ।
ਵਿਧਵਾ-ਪੈਨਸ਼ਨ ਉਡੀਕਦੀ ਬੁੜ੍ਹੀ ਮਰ ਗਈ,
ਵਿਧਵਾ ਹੋਣ ਵੇਲੇ ਹਾਲੀ ਕੁੜੀ ਸੀ ਜੋ।

•

ਕਵਿਤਾ ਇਨਸਾਨ ਦੀ ਰੂਹ ਦੀ ਆਵਾਜ਼ ਹੈ
ਆਦਿ-ਕਾਲ ਤੋਂ ਮਨੁੱਖ ਨੇ ਜੋ ਮਹਿਸੂਸ ਕੀਤਾ
ਸੋਚਿਆ ਤੇ ਫਿਰ ਲਿਖਿਆ
ਉਹ ਕਵਿਤਾ ਦੇ ਰੂਪ ਵਿੱਚ ਹੀ ਸਾਹਮਣੇ ਆਇਆ

ਲੈਅ ਕਵਿਤਾ ਦੀ ਜਾਨ ਹੈ
ਲੈਅ ਹੀ ਕਵਿਤਾ ਨੂੰ ਸਾਹਿਤ ਦੀਆਂ
ਦੂਜੀਆਂ ਵਿਧਾਵਾਂ ਤੋਂ ਵੱਖਰੀ ਪਹਿਚਾਨ ਦਿੰਦੀ ਹੈ
ਪਰ ਵੀਹਵੀਂ ਸਦੀ ਦੇ ਅੱਧ ਮਗਰੋਂ
ਲੈਅ-ਵਿਹੂਣੇ ਲਫ਼ਜ਼ਾਂ ਨੂੰ ਵੀ
ਧੱਕੇ ਨਾਲ ਹੀ 'ਕਵਿਤਾ' ਕਿਹਾ ਜਾਣ ਲੱਗਿਆ

ਇਸ ਨਾ-ਇਨਸਾਫ਼ੀ ਦਾ ਕਵਿਤਾ ਨੇ ਵਿਰੋਧ ਕੀਤਾ
ਪਰ ਗ਼ਜ਼ਲ ਤਾਂ ਇਸ ਤੂਫ਼ਾਨ ਸਾਹਮਣੇ ਦੀਵਾਰ ਬਣ ਕੇ ਖੜੀ ਹੋ ਗਈ
ਜਿਉਂ ਜਿਉਂ 'ਅਕਵਿਤਾ' ਦਾ ਸੈਲਾਬ ਉੱਚਾ ਉੱਠਦਾ ਗਿਆ
ਤਿਉਂ ਤਿਉਂ ਗ਼ਜ਼ਲ 'ਤੇ ਵੀ ਨਿੱਤ ਨਵਾਂ ਵਾਰ ਆਉਂਦਾ ਗਿਆ

ਲਿਹਾਜ਼ਾ-
ਅੱਜ ਜਦ ਅਕਵਿਤਾ ਦਾ ਹੜ੍ਹ ਵਾਪਸੀ 'ਤੇ ਹੈ
ਤਾਂ ਗ਼ਜ਼ਲ ਆਪਣੇ ਪੂਰੇ ਜਲੌ 'ਤੇ ਹੈ

'ਵਰ੍ਹਦੀ ਅੱਗ 'ਚ ਯਾਦ ਸੀ ਕੇਵਲ ਵਰ੍ਹਦੀ ਅੱਗ,
ਅੱਗ ਬੁਝਣ 'ਤੇ ਜਲ-ਮਰੇ, ਚੇਤੇ ਆਉਂਣ ਵਧੀਕ।'

ਹਾਂ, ਅਫ਼ਸੋਸ ਕਿ ਇਸ ਸੰਘਰਸ਼ ਵਿੱਚ
ਅਸਲ ਕਵਿਤਾ ਤਕਰੀਬਨ ਖ਼ਤਮ ਹੀ ਹੋ ਗਈ
ਅੱਜ ਉਸ ਕਵਿਤਾ ਦੀ ਘਾਟ ਬੁਰੀ ਤਰ੍ਹਾਂ ਖਟਕ ਰਹੀ ਹੈ

ਮੈਂ ਆਪਣੇ ਸ਼ਾਗਿਰਦਾਂ ਨੂੰ ਆਪਣੀਆਂ ਕਵਿਤਾਵਾਂ ਸੁਣਾਉਂਦਾ ਹਾਂ
ਮੁਤਾਸਰ ਹੋ ਕੇ ਉਹ ਵੀ ਕਵਿਤਾ ਲਿਖਦੇ ਨੇ
ਤੇ ਕਵਿਤਾ ਦੇ ਖ਼ਲਾ ਨੂੰ ਭਰਨ ਦੀ ਕੋਸ਼ਿਸ਼ ਕਰਦੇ ਨੇ

ਹੋਰ ਨੌਜਵਾਨ ਵੀ ਇਸ ਪੰਧ ਤੁਰਨ
ਇਸੇ ਮਕਸਦ ਨਾਲ 'ਜੋਬਨ ਯਾਦਾਂ' ਉਹਨਾਂ ਦੇ ਹੱਥਾਂ ਤੱਕ ਪਹੁੰਚਾ ਰਿਹਾ ਹਾਂ

ਇੱਕ ਖ਼ੂਬਸੂਰਤ ਵਿਧਾ ਨੂੰ ਸਾਹ ਦੇਣ ਵਾਸਤੇ
ਮੇਰੇ ਸਾਹ ਵੀ ਕੰਮ ਆ ਜਾਣ
ਤਾਂ ਇਸ ਨੂੰ ਮੈਂ ਆਪਣੀ ਖ਼ੁਸ਼-ਕਿਸਮਤੀ ਸਮਝਾਂਗਾ
-ਅਮਰਜੀਤ ਸਿੰਘ ਸੰਧੂ

